# ਪੰਜਾਬੀ ਗ਼ਜ਼ਲ ਦੇ ਨਕਸ਼

## (ਗ਼ਜ਼ਲ ਸੰਗ੍ਰਹਿ)

# ਸੁਖਿੰਦਰ ਰਚਿਤ ਪੁਸਤਕਾਂ:

## ☐ ਵਿਗਿਆਨ :
- ਪੁਲਾੜ, ਸਮਾਂ ਤੇ ਪਦਾਰਥ (1972)
- ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ਵਿਸ਼ਵ ਚਰਚਾ (1975)

## ☐ ਕਵਿਤਾ :
- ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ਲੱਕੜ ਦੀਆਂ ਮੱਛੀਆਂ (1979)
- ਤਿੰਨ ਕੋਣ (ਤਿੰਨ ਕਵੀ) (1979)
- ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ਸ਼ਕਿਜ਼ੋਫ਼ਰੇਨੀਆਂ (1993)
- ਇਹ ਖ਼ਤ ਕਿਸਨੂੰ ਲਿਖਾਂ (1998)
- ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ਗਲੋਬਲੀਕਰਨ (2008)
- ਕੁੱਤਿਆਂ ਬਾਰੇ ਕਵਿਤਾਵਾਂ (2006)
- ਸਮੋਸਾ ਪਾਲਿਟਿਕਸ (2012)
- ਕਵਿਤਾ ਦੀ ਤਲਾਸ਼ ਵਿੱਚ (2013)
- ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ਆਮ ਆਦਮੀ ਦਾ ਇਨਕਲਾਬ (2015)
- ਡਾਇਰੀ ਦੇ ਪੰਨੇ (2016)
- ਲਹੂ ਦਾ ਰੰਗ (ਦੋ ਕਵੀ) (2017)
- ਸਾਜ਼ਿਸ਼ੀ ਮੌਸਮ (2018)
- ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ਬਾਂਦਰ ਨਾਲ ਬਹਿਸ ਕੌਣ ਕਰੇ (2019)
- ਲੌਕਡਾਊਨ (2020)
- ਕਿਸਾਨ ਯੁੱਧ (ਦੋ ਕਵੀ) (2020)
- ਕ੍ਰਾਂਤੀ ਦੀ ਭਾਸ਼ਾ (2022)
- ਵਾਇਰਸ ਪੰਜਾਬ ਦੇ (2023)
- ਜੰਗਬਾਜ਼ਾਂ ਦੇ ਖਿਲਾਫ਼ (2024)

## ☐ ਆਲੋਚਨਾ :
- ਕੈਨੇਡੀਅਨ ਪੰਜਾਬੀ ਸਾਹਿਤ (2010)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ਕ੍ਰਾਂਤੀ ਦੀ ਕਵਿਤਾ (2017)

## ☐ ਵਾਰਤਕ :
- ਸਿੱਧੀਆਂ ਸਪੱਸ਼ਟ ਗੱਲਾਂ (2010)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ਗੱਲਾਂ ਪਾਕਿਸਤਾਨ ਦੀਆਂ (2019)
- ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)

## ☐ ਸੰਪਾਦਨਾ :
- ਮਕਤਲ (1982) (ਪ੍ਰਗਤੀਵਾਦੀ ਕਵਿਤਾ- ਸਹਿ ਸੰਪਾਦਨਾ)
- ਬਘਿਆੜਾਂ ਦੇ ਵੱਸ (1986) (ਕੈਨੇਡੀਅਨ ਪੰਜਾਬੀ ਕਵਿਤਾ)
- ਮੇਰੀਆਂ ਝਾਂਜਰਾਂ ਦੀ ਛਨਛਨ (1999) (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ)
- ਅੰਦੋਲਨ ਮੇਲਾ ਨਹੀਂ ਹੁੰਦਾ (2022) (52 ਕਵੀਆਂ ਦੀਆਂ ਕਵਿਤਾਵਾਂ)
- ਪੰਜਾਬੀ ਸਾਹਿਤਕ ਭ੍ਰਿਸ਼ਟਾਚਾਰ : ਖੁੱਲ੍ਹੇ ਭੇਤ (ਆਲੋਚਨਾ) (2022)
- ਸੁਖਿੰਦਰ ਦੀ ਕਾਵਿ-ਸੰਵੇਦਨਾ (ਆਲੋਚਨਾ) (2023)
- ਪੰਜਾਬੀ ਸਾਹਿਤ ਅਤੇ ਸਭਿਆਚਾਰ (ਨਿਬੰਧ) (ਸਹਿ-ਸੰਪਾਦਨਾ) (2023)
- ਪੰਜਾਬੀ ਬੋਲੀ ਅਤੇ ਵਿਰਸਾ (ਨਿਬੰਧ) (ਸਹਿ-ਸੰਪਾਦਨਾ) (2024)

## ☐ ਨਾਵਲ :
- ਅਲਾਰਮ ਕਲਾਕ (2003)
- ਕਰੋਨਾ ਕਾਫਲੇ (2021)

## ☐ ਬੱਚਿਆਂ ਲਈ :
- ਅਨੀਤਾ ਆਂਟੀ ਅਤੇ ਬੱਚੇ (2004)

## ☐ English :
- Children Are Not Hamburger Meat (Poetry) (2005)

# ਪੰਜਾਬੀ ਗ਼ਜ਼ਲ ਦੇ ਨਕਸ਼

(ਗ਼ਜ਼ਲ ਸੰਗ੍ਰਹਿ)

ਸੰਪਾਦਕ

## ਸੁਖਿੰਦਰ

ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ

**Copyright © 2024 Sukhinder**

# *Punjabi Ghazal De Nakash*

***(Poetry)***

***Editor :***

***Sukhinder***

Box 67089, 2300 Yonge St.

Toronto ON M4P 1E0 Canada

Tel. (416) 858-7077

Email: poet_sukhinder@hotmail.com

***ISBN: 978-81-981228-8-9***

***First Edition :***

***2024***

***Price :***

$10 (In Canada & U.S.A.)

Rs. 100 (In India)

Published by

**Saptrishi Publication**

Plot No. 25/6, Industrial Area, Phase-2,

Near Tribune Chowk, Chandigarh.

E-mail-: sapatrishi94@gmail.com

**Visit us at : www.saptrishipublication.com**

94638-36591, 77174-65715

*All rights reserved. No part of this book may be reproduced or transmitted in any form or by any means, electronic or mechanical, including photocopying, recording or any information storage and retrieval system, without permission in writing from the Publisher and Author.*

**Printed at Sapatrishi Printers Chandigarh 94638-36591**

# ਸਮਰਪਣ :

ਡਾ. ਜਗਤਾਰ, ਤਖ਼ਤ ਸਿੰਘ, ਸੁਰਜੀਤ ਪਾਤਰ
ਬਾਬਾ ਨਜਮੀ, ਉਲਫ਼ਤ ਬਾਜਵਾ, ਦੀਪਕ ਜੈਤੋਈ
ਪ੍ਰਕਾਸ਼ ਸਾਥੀ, ਸ਼ਿਵ ਕੁਮਾਰ ਬਟਾਲਵੀ

# ਕਵੀਆਂ ਦੀ ਤਰਤੀਬ:


- ਉਲਫ਼ਤ ਬਾਜਵਾ 13
- ਓਂਕਾਰਪ੍ਰੀਤ 14
- ਅਫ਼ਜ਼ਲ ਸਾਹਿਰ 16
- ਅਜ਼ੀਮ ਸ਼ੇਖ਼ਰ 18
- ਅਰਤਿੰਦਰ ਸੰਧੂ 19
- ਆਦੇਸ਼ ਅੰਕੁਸ਼ 21
- ਡਾ. ਅਮਰਜੀਤ ਟਾਂਡਾ 23
- ਅਮਰੀਕ ਡੋਗਰਾ 24
- ਇਰਸ਼ਾਦ ਸੰਧੂ 25
- ਇਬਾਦ ਨਬੀਲ ਸ਼ਾਦ 26
- ਸੁਰਜੀਤ ਪਾਤਰ 27
- ਸੰਤ ਰਾਮ ਉਦਾਸੀ 29
- ਸੁਖਵਿੰਦਰ ਅੰਮ੍ਰਿਤ 31
- ਸੋਹਣ ਸਿੰਘ ਮੀਸ਼ਾ 33
- ਸੁਹਿੰਦਰ ਬੀਰ 35
- ਸਿਮਰਤ ਸੁਮੈਰਾ 36
- ਸੁਸ਼ੀਲ ਦੁਸਾਂਝ 37
- ਸਿਰੀ ਰਾਮ ਅਰਸ਼ 39
- ਸਾਇਮਾ ਅਲਮਾਸ ਮਸਰੂਰ 40
- ਸੁਰਿੰਦਰਪ੍ਰੀਤ ਘਣੀਆਂ 42
- ਸੁਰਿੰਦਰ ਗੀਤ 44
- ਸਾਥੀ ਲੁਧਿਆਣਵੀ 45
- ਸੁਲੱਖਣ ਸਰਹੱਦੀ 46

- ਸੁਖਪਾਲ ਸੰਘੇੜਾ (ਡਾ.) 47
- ਹਰਿਭਜਨ ਸਿੰਘ (ਡਾ.) 49
- ਹਰਦਿਆਲ ਕੇਸ਼ੀ 51
- ਹਰਭਜਨ ਸਿੰਘ ਹੁੰਦਲ 53
- ਕਮਲਜੀਤ ਕੰਵਰ 54
- ਕਮਰ ਓਜ਼ ਜ਼ਮਾਂ 56
- ਕ੍ਰਿਸ਼ਨ ਭਨੋਟ 57
- ਕਵਿੰਦਰ ਚਾਂਦ 58
- ਖ਼ਿਤਾਬ ਖਜੂਰੀਆ 59
- ਗੁਰਭਜਨ ਗਿੱਲ 60
- ਡਾ. ਗੁਰਮਿੰਦਰ ਸਿੱਧੂ 62
- ਗੁਰਦਿਆਲ ਰੌਸ਼ਨ 64
- ਗੁਰਦਿਆਲ ਦਲਾਲ 65
- ਜਗਤਾਰ 66
- ਜੈਮਲ ਪੱਡਾ 68
- ਜਗਤਾਰ ਸਾਲਮ 69
- ਜਗਦੀਸ਼ ਰਾਣਾ 70
- ਜਗਵਿੰਦਰ ਜੋਧਾ 72
- ਜਸਪਾਲ ਘਈ 73
- ਤ੍ਰੈਲੋਚਨ ਲੋਚੀ 74
- ਤਖ਼ਤ ਸਿੰਘ 75
- ਤਰਲੋਚਨ ਮੀਰ 77
- ਤਜੱਮੁਲ ਕਲੀਮ 79
- ਤਾਹਿਰਾ ਸਰਾ 80
- ਦਰਸ਼ਨ ਖਟਕੜ 81
- ਦੇਵਿੰਦਰ ਕੌਰ 83
- ਦੀਪਕ ਜੈਤੋਈ 84

- ਦਲਜਿੰਦਰ ਰਹਿਲ 85
- ਨਵ ਸੰਗੀਤ ਸਿੰਘ (ਪ੍ਰੋ.) 86
- ਨਿਰੰਜਣ ਬੋਹਾ 88
- ਨਿਰਮਲਾ ਗਰਗ ਨਿੰਮੋਂ 89
- ਪਾਸ਼ 90
- ਪਾਲ ਗੁਰਦਾਸਪੁਰੀ 91
- ਪ੍ਰਕਾਸ਼ ਸੋਹਲ 92
- ਫ਼ੀਰੋਜ਼ਦੀਨ ਸ਼ਰਫ਼ 93
- ਬਾਬਾ ਨਜਮੀ 94
- ਭੂਸ਼ਨ ਧਿਆਨਪੁਰੀ 96
- ਮੋਹਨ ਸਿੰਘ (ਪ੍ਰੋ.) 97
- ਮੇਹਰ ਮਾਣਕ (ਡਾ.) 99
- ਮਿੰਦਰਪਾਲ ਭੱਠਲ 101
- ਮਹਿੰਦਰ ਸਾਥੀ 102
- ਮੁਨੀਰ ਨਿਆਜ਼ੀ 103
- ਮੱਖਣ ਕੁਹਾੜ 104
- ਮਦਨ ਮਦਹੋਸ਼ 105
- ਰਵਿੰਦਰ ਸਿੰਘ ਸੋਢੀ 106
- ਰਾਮ ਮੂਰਤੀ (ਡਾ.) 107
- ਲੋਕ ਰਾਜ 108
- ਲਾਲ ਸਿੰਘ ਦਿਲ 110
- ਵਿਜੇ ਵਿਵੇਕ 112
- ਸ਼ਿਵ ਕੁਮਾਰ ਬਟਾਲਵੀ 113

ਭੂਮਿਕਾ :

# ਪੰਜਾਬੀ ਗ਼ਜ਼ਲ ਦੇ ਨਕਸ਼

ਮੈਂ ਪੰਜਾਬੀ, ਹਿੰਦੀ, ਉਰਦੂ, ਗ਼ਜ਼ਲਾਂ ਪੜ੍ਹਦਾ/ਸੁਣਦਾ ਹਾਂ; ਪਰ ਮੈਂ ਆਪ ਗ਼ਜ਼ਲ ਲਿਖਦਾ ਨਹੀਂ ਹਾਂ.

ਮੈਨੂੰ ਇਹ ਗੱਲ ਕਹਿਣ ਵਿੱਚ ਵੀ ਕੋਈ ਝਿਜਕ ਨਹੀਂ ਕਿ ਮੈਂ ਗ਼ਜ਼ਲ ਕਾਵਿ ਵਿਧਾ ਦਾ ਵਿੱਦਵਾਨ ਨਹੀਂ ਹਾਂ.

ਇਸੀ ਕਾਰਨ ਹੀ ਮੈਂ ਕਿਸੀ ਵੀ ਕਵੀ ਦੀ ਲਿਖੀ ਕੋਈ ਵੀ ਗ਼ਜ਼ਲ ਕਦੀ ਵੀ ਤਕਨੀਕੀ ਪੱਖ ਤੋਂ ਨਹੀਂ ਪਰਖੀ; ਕਿਉਂਕਿ, ਕਿਸੀ ਗ਼ਜ਼ਲ ਨੂੰ ਤਕਨੀਕੀ ਪੱਖ ਤੋਂ ਪਰਖਣ ਵਾਲਾ ਗਿਆਨ ਮੇਰੇ ਕੋਲ ਨਹੀਂ ਹੈ.

ਜਿਹੜੀਆਂ ਗ਼ਜ਼ਲਾਂ ਸਮਾਜਿਕ, ਸੱਭਿਆਚਾਰਕ, ਨੈਤਿਕ, ਸਾਹਿਤਕ, ਰਾਜਨੀਤਿਕ ਪੱਖ ਤੋਂ ਚੰਗੀ ਸ਼ਬਦਾਵਲੀ ਦੀ ਵਰਤੋਂ ਕਰਕੇ ਸਮਾਜ ਨੂੰ ਨਰੋਈ ਸੇਧ ਦੇਣ ਵਾਲੀ ਗੱਲ ਕਰਦੀਆਂ ਹਨ, ਜਿਹੜੀਆਂ ਗ਼ਜ਼ਲਾਂ ਸਮਾਜ ਵਿੱਚ ਫੈਲ ਰਹੇ ਸਮਾਜਿਕ, ਸੱਭਿਆਚਾਰਕ, ਰਾਜਨੀਤਿਕ, ਵਿੱਦਿਅਕ, ਧਾਰਮਿਕ ਭ੍ਰਿਸ਼ਟਾਚਾਰ, ਵਿਰੁੱਧ ਬੁਲੰਦ ਆਵਾਜ਼ ਵਿੱਚ ਬੋਲਦੀਆਂ ਹਨ, ਅਨੇਕਾਂ ਤਰ੍ਹਾਂ ਦੇ ਸਮਾਜਿਕ/ ਸਭਿਆਚਾਰਕ/ ਰਾਜਨੀਤਿਕ ਜ਼ੁਲਮ ਵਿਰੁੱਧ ਆਪਣਾ ਵਿਦਰੋਹ ਦਾ ਪ੍ਰਚਮ ਲਹਿਰਾਉਂਦੀਆਂ ਹਨ – ਮੈਨੂੰ ਉਹ ਗ਼ਜ਼ਲਾਂ ਪੜ੍ਹਣੀਆਂ/ਸੁਣੀਆਂ ਚੰਗੀਆਂ ਲੱਗਦੀਆਂ ਹਨ.

ਉਰਦੂ ਮੁਸ਼ਹਰਿਆਂ ਵਿੱਚ ਮੈਂ ਉਰਦੂ ਦੇ ਨਾਮਵਰ ਕਵੀਆਂ ਫ਼ੈਜ਼ ਅਹਿਮਦ ਫ਼ੈਜ਼, ਅਹਿਮਦ ਫ਼ਰਾਜ਼, ਅਲੀ ਸਰਦਾਰ ਜਾਫ਼ਰੀ, ਕੈਫ਼ੀ ਆਜ਼ਮੀ, ਕੰਵਰ ਮਹਿੰਦਰ ਸਿੰਘ ਬੇਦੀ, ਜੌਨ ਏਲੀਆ, ਅਹਿਮਦ ਨਦੀਮ ਕਾਸਮੀ, ਪ੍ਰਵੀਨ ਸ਼ਾਕਿਰ ਅਤੇ ਮੁਨੀਰ ਨਿਆਜ਼ੀ ਨੂੰ ਵੀ ਗ਼ਜ਼ਲਾਂ ਪੇਸ਼ ਕਰਦੇ ਸੁਣਿਆ ਹੈ.

ਅਜੋਕੇ ਦੌਰ ਵਿੱਚ ਜੇਕਰ ਯੂ-ਟਿਊਬ ਰਾਹੀਂ ਉਰਦੂ ਮੁਸ਼ਹਿਰਾ ਸੁਨਣ ਲਈ ਮੇਰਾ ਦਿਲ ਕਰੇ ਤਾਂ ਮੈਂ ਮੰਜ਼ਿਰ ਭੋਪਾਲੀ ਅਤੇ ਸ਼ਬੀਨਾ ਅਦੀਬ ਦੀ ਗ਼ਜ਼ਲ ਸ਼ਾਇਰੀ ਸੁਨਣੀ ਪਸੰਦ ਕਰਦਾ ਹਾਂ.

ਮਹਿਜ਼, ਤਕਨੀਕੀ ਪੱਖਾਂ ਨੂੰ ਧਿਆਨ ਵਿੱਚ ਰੱਖ ਕੇ ਲਿਖੀਆਂ ਹੋਈਆਂ ਗ਼ਜ਼ਲਾਂ, ਪਰ ਵਿਚਾਰ ਪੱਖੋਂ ਖੋਖਲੀਆਂ ਗ਼ਜ਼ਲਾਂ ਵਿੱਚ- ਸਿਰਫ ਸ਼ਬਦਾਂ ਨਾਲ ਸ਼ਬਦ ਹੀ ਜੋੜੇ ਹੁੰਦੇ ਹਨ. ਅਜਿਹੀਆਂ ਗ਼ਜ਼ਲਾਂ ਮੈਨੂੰ ਕਦੀ ਵੀ ਪਸੰਦ ਨਹੀਂ ਆਈਆਂ; ਭਾਵੇਂ ਕਿ

ਅਨੇਕਾਂ ਕਵੀ ਅਜਿਹੀਆਂ ਖੋਖਲੀਆਂ ਗ਼ਜ਼ਲਾਂ ਨੂੰ ਵੀ ਤਰੰਨਮ ਵਿੱਚ ਪੇਸ਼ ਕਰਕੇ ਸਰੋਤਿਆਂ ਤੋਂ ਦਾਦ ਲੈਣ ਵਿੱਚ ਕਾਮਿਯਾਬ ਹੋ ਜਾਂਦੇ ਹਨ.

ਪੰਜਾਬੀ ਦੇ ਜਿਨ੍ਹਾਂ ਕਵੀਆਂ ਨੂੰ ਮੈਂ ਪੰਜਾਬੀ ਮੁਸ਼ਹਰਿਆਂ ਵਿੱਚ ਵਧੀਆ ਗ਼ਜ਼ਲਾਂ ਪੇਸ਼ ਕਰਦਿਆਂ ਸੁਣਿਆ ਹੈ ਉਹਨਾਂ ਵਿੱਚ ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਸੋਹਣ ਸਿੰਘ ਮੀਸ਼ਾ, ਡਾ. ਮੋਹਨਜੀਤ, ਡਾ. ਹਰਿਭਜਨ ਸਿੰਘ, ਸੁਸ਼ੀਲ ਦੋਸਾਂਝ, ਡਾ. ਗੁਰਮਿੰਦਰ ਸਿੱਧੂ, ਡਾ. ਜਗਤਾਰ, ਗੁਰਭਜਨ ਗਿੱਲ, ਬਾਬਾ ਨਜਮੀ, ਸਾਇਮਾ ਅਲਮਾਸ ਮਸਰੂਰ, ਮੁਨੀਰ ਨਿਆਜ਼ੀ ਅਤੇ ਤਜੱਮੁਲ ਕਲੀਮ ਆਦਿ ਦੇ ਨਾਮ ਸ਼ਾਮਿਲ ਕੀਤੇ ਜਾ ਸਕਦੇ ਹਨ.

'ਪੰਜਾਬੀ ਗ਼ਜ਼ਲ ਦੇ ਨਕਸ਼' (ਗ਼ਜ਼ਲ ਸੰਗ੍ਰਿਹ) ਵਿੱਚ 73 ਪੰਜਾਬੀ ਕਵੀਆਂ ਦੀਆਂ ਕੁੱਲ 100 ਪੰਜਾਬੀ ਗ਼ਜ਼ਲਾਂ ਸ਼ਾਮਿਲ ਕੀਤੀਆਂ ਗਈਆਂ ਹਨ.

ਸਾਡਾ ਇਹ ਕੋਈ ਦਾਹਵਾ ਨਹੀਂ ਕਿ ਪੰਜਾਬੀ ਦੀਆਂ ਬਸ ਇਹ ਹੀ 100 ਬੇਹਤਰੀਨ ਗ਼ਜ਼ਲਾਂ ਹਨ ਅਤੇ ਇਸ ਪੁਸਤਕ ਵਿੱਚ ਸ਼ਾਮਿਲ ਕੀਤੇ ਗਏ 73 ਪੰਜਾਬੀ ਕਵੀ ਹੀ ਬੇਹਤਰੀਨ ਗ਼ਜ਼ਲਾਂ ਲਿਖਦੇ ਹਨ.

ਸਾਨੂੰ ਪੂਰਾ ਯਕੀਨ ਹੈ ਕਿ ਪੰਜਾਬੀ ਵਿੱਚ ਵਧੀਆ ਗ਼ਜ਼ਲਾਂ ਲਿਖਣ ਵਾਲੇ ਹੋਰ ਵੀ ਅਨੇਕਾਂ ਵਧੀਆ ਪੰਜਾਬੀ ਕਵੀ ਹੋਣਗੇ ਜਿਨ੍ਹਾਂ ਨੇ ਬੇਹਤਰੀਨ ਗ਼ਜ਼ਲਾਂ ਲਿਖੀਆਂ ਹਨ.

ਫਿਰ ਵੀ ਸਾਨੂੰ ਯਕੀਨ ਹੈ ਕਿ ਪੰਜਾਬੀ ਗ਼ਜ਼ਲ ਦੀ ਤਕਨੀਕੀ ਜਾਣਕਾਰੀ ਨ ਹੋਣ ਦੇ ਬਾਵਜੂਦ ਵੀ ਅਸੀਂ ਤੁਹਾਨੂੰ 'ਪੰਜਾਬੀ ਗ਼ਜ਼ਲ ਦੇ ਨਕਸ਼' ਪੁਸਤਕ ਦੇ ਰੂਪ ਵਿੱਚ ਪੰਜਾਬੀ ਗ਼ਜ਼ਲਾਂ ਦੀ ਇੱਕ ਵਧੀਆ ਪੁਸਤਕ ਪੇਸ਼ ਕਰ ਰਹੇ ਹਾਂ.

ਇਸ ਪੁਸਤਕ ਵਿੱਚ ਤੁਹਾਨੂੰ ਬਹੁਤ ਸਾਰੀਆਂ ਯਾਦਗਾਰੀ ਗ਼ਜ਼ਲਾਂ ਵੀ ਪੜ੍ਹਨ ਨੂੰ ਮਿਲਣਗੀਆਂ; ਜਿਹੜੀਆਂ ਤੁਸੀਂ, ਅਕਸਰ ਹੀ, ਮੁਸ਼ਹਰਿਆਂ ਵਿੱਚ ਆਪਣੇ ਪਸੰਦੀਦਾ ਪੰਜਾਬੀ ਕਵੀਆਂ ਦੇ ਮੂੰਹੋਂ ਸੁਣਦੇ ਰਹੇ ਹੋ.

‘ਪੰਜਾਬੀ ਗ਼ਜ਼ਲ ਦੇ ਨਕਸ਼’ (ਗ਼ਜ਼ਲ ਸੰਗ੍ਰਿਹ) ਵਿੱਚ ਸ਼ਾਮਿਲ ਸਾਰੇ ਹੀ ਕਵੀਆਂ ਦਾ ਮੈਂ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਇਸ ਕਾਵਿ-ਸੰਗ੍ਰਿਹ ਵਿੱਚ ਸ਼ਾਮਿਲ ਕਰਨ ਲਈ ਆਪਣੀਆਂ ਗ਼ਜ਼ਲਾਂ ਸਾਨੂੰ ਭੇਜੀਆਂ ਹਨ. ਇਸ ਗ਼ਜ਼ਲ ਸੰਗ੍ਰਿਹ ਨੂੰ ਸਮੇਂ ਅਨੁਸਾਰ ਪ੍ਰਕਾਸ਼ਿਤ ਕਰਨ ਲਈ ਮੈਂ ਡਾ. ਬਲਦੇਵ ਸਿੰਘ, ਸਪਤਰਿਸ਼ੀ ਪ੍ਰਕਾਸ਼ਨ, ਚੰਡੀਗੜ੍ਹ, ਇੰਡੀਆ ਦਾ ਵੀ ਧੰਨਵਾਦ ਕਰਨਾ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ.

**ਸੁਖਿੰਦਰ**

ਸੰਪਾਦਕ: ਸੰਵਾਦ

ਮਾਲਟਨ, ਕੈਨੇਡਾ

ਅਕਤੂਬਰ 7, 2024

# ਉਲਫ਼ਤ ਬਾਜਵਾ



## ਗ਼ਜ਼ਲ

ਚੰਗਾ ਰੱਬ ਦਾ ਰਾਹ ਦਿਖਲਾਇਆ ਮਜ਼੍ਹਬਾਂ ਨੇ
ਜੱਗ ਨੂੰ ਭੰਬਲਭੂਸੇ ਪਾਇਆ ਮਜ਼੍ਹਬਾਂ ਨੇ

ਅੱਵਲ ਅੱਲ੍ਹਾ ਇਕੋ ਨੂਰ ਉਪਾਇਆ ਸੀ
ਇਸ ਮਗਰੋਂ ਸੌ ਚੰਦ ਚੜ੍ਹਾਇਆ ਮਜ਼੍ਹਬਾਂ ਨੇ

'ਮਾਣਸ ਕੀ ਇੱਕ ਜਾਤ' ਪਛਾਣੇ ਕੌਣ ਭਲਾ
ਸਭ ਦੇ ਅੱਖੀ ਘੱਟਾ ਪਾਇਆ ਮਜ਼੍ਹਬਾਂ ਨੇ

ਵੇਦ-ਕਤੇਬਾਂ ਵਿੱਚ ਹੈ ਪਾਠ ਮੁਹੱਬਤ ਦਾ
ਪਰ ਨਫ਼ਰਤ ਦਾ ਪਾਠ ਪੜ੍ਹਾਇਆ ਮਜ਼੍ਹਬਾਂ ਨੇ

ਬਣਮਾਣਸ ਬਣਿਆ ਸੀ ਬੰਦਾ ਮਸਾਂ ਮਸਾਂ
ਇਸ ਨੂੰ ਬਾਂਦਰ ਫੇਰ ਬਣਾਇਆ ਮਜ਼੍ਹਬਾਂ ਨੇ

ਨਾਨਕ ਤੇਰੀ 'ਤੇਰਾ ਤੇਰਾ' ਕੌਣ ਸੁਣੇ
'ਮੈਂ ਮੇਰੀ' ਦਾ ਸ਼ੋਰ ਮਚਾਇਆ ਮਜ਼੍ਹਬਾਂ ਨੇ


ਸ਼ਰਣ ਪਏ ਨੂੰ ਕੰਠ ਕੋਈ ਹੁਣ ਲਾਉਂਦਾ ਨਹੀਂ
ਜੋ ਅੜਿਆ ਸੋ ਤਖਤ ਬਹਾਇਆ ਮਜ਼੍ਹਬਾਂ ਨੇ

ਗੁਰ ਪੀਰਾਂ ਨੇ ਸੱਚੇ ਮਾਰਗ ਪਾਇਆ ਸੀ
ਪਰ ਕੂੜਾ ਮਾਰਗ ਅਪਣਾਇਆ ਮਜ਼੍ਹਬਾਂ ਨੇ

■

**(ਪੰਜਾਬ, ਇੰਡੀਆ)**

# ਓਂਕਾਰਪ੍ਰੀਤ



## ਗ਼ਜ਼ਲ-1

ਬਾਜ਼ਾਰ ਤਾਂ ਉਡੀਕੇ ਮੂੰਹ ਮੰਗੇ ਦਾਮ ਲੈ ਕੇ
ਪਰ ਮੈਥੋਂ ਜਾ ਨਾ ਹੋਵੇ ਅਪਣਾ ਕਲਾਮ ਲੈ ਕੇ

ਪਹੁ-ਫੁੱਟ ਨੂੰ ਦੁਪਹਿਰੇ ਤਕ ਲੈ ਕੇ ਜਾਣ ਵਾਲਾ
'ਰਹਿਬਰ' ਉਹ ਡੁੱਬਾ ਹਾਏ ਧੁੱਪ ਵੱਟੇ ਸ਼ਾਮ ਲੈ ਕੇ

ਅੰਬਰ ਤੋਂ ਟੁੱਟ ਕੇ ਜਿਉਂ ਤਾਰੇ ਖਲਾ 'ਚ ਗੁੰਮਣ
ਬੁਝਦੇ ਨੇ ਲੋਕ ਏਦਾਂ ਭੁੱਖ ਤੋਂ ਇਨਾਮ ਲੈ ਕੇ

ਜਦ ਚੌਰ ਕਰਦੇ ਵੇਖੇ ਸਿੱਕੇ ਤੇ ਨੋਟ ਤੈਨੂੰ
ਬੂਹੇ ਚੋਂ ਮੁੜ ਮੈਂ ਆਇਆ ਅਪਣਾ ਸਲਾਮ ਲੈ ਕੇ

ਇਕ ਰਾਹੀ ਰੁਕਿਆ, ਰੋਇਆ, ਚੁਪਚਾਪ ਤੁਰ ਪਿਆ ਫਿਰ
ਮੇਪਲ ਨੂੰ ਜੱਫੀ ਪਾ ਕੇ ਪਿੱਪਲ ਦਾ ਨਾਮ ਲੈ ਕੇ

ਦਾਰੂ ਸੀ ਪਾਣੀ-ਪਾਣੀ ਤੇ ਪਿਆਲੇ ਝੂਠੇ ਝੂਠੇ
ਮਹਿਫ਼ਲ 'ਚ ਪੇਸ਼ ਸੀ ਇਕ ਸ਼ਾਇਰ ਕਲਾਮ ਲੈ ਕੇ

ਲੈ ਪਾਨ ਤੇ ਸੁਪਾਰੀ ਨਨਕਾਣੇ ਜਾਣ ਵਾਲੇ
ਕਰਤਾਰਪੁਰ ਨੂੰ ਮੁੜਦੇ ਕਾਜੂ-ਬਦਾਮ ਲੈ ਕੇ

ਜਦ 'ਰਾਮ ਜੀ' ਵੀ ਨਿਕਲੇ ਬਸ ਕੋਈ 'ਰਾਮ-ਚੰਦਰ'
ਅਗਨੀ ਚੋਂ ਗੁਜ਼ਰੀ ਸੀਤਾ ਤਦ ਕਿਸਦਾ ਨਾਮ ਲੈ ਕੇ

■

**(ਕੈਨੇਡਾ)**

# ਗ਼ਜ਼ਲ-2

ਪੰਜਾਬੀਅਤ ਸਿਰ-ਭਾਰ ਹੋ ਰਹੀ ਹੈ
ਕਿਰਪਾਨ ਮੁੜ ਤਲਵਾਰ ਹੋ ਰਹੀ ਹੈ

ਕਹਿਣੀ 'ਚ ਜੀਂਦੇ ਭਗਤ ਸਿੰਘ ਸੂਰੇ
ਕਰਨੀ ਬੁੱਤਾਂ ਗਲ਼ ਹਾਰ ਹੋ ਰਹੀ ਹੈ

ਭਾਗੋ ਸਕੇ ਇਉਂ ਦਿਸਦੇ ਲਾਲੋਆਂ ਦੇ
ਚਿੱਟਾ ਲਹੂ ਦੁੱਧ-ਧਾਰ ਹੋ ਰਹੀ ਹੈ

ਮੱਕੇ ਦੇ ਵਾਂਗੂੰ ਹਰਿਮੰਦਰ ਨਾ ਘੁੰਮੇ
ਨਾਨਕ ਦੀ ਘਰ ਵਿਚ ਹਾਰ ਹੋ ਰਹੀ ਹੈ

ਸੱਜਣ ਤੇ ਠੱਗ ਨੇ ਰੂਪ ਇੱਕੋ ਮਨ ਦੇ
ਇਕ ਦੀ ਦੂਏ ਤੋਂ ਹਾਰ ਹੋ ਰਹੀ ਹੈ

ਕੋਈ ਖ਼ਬਰ ਨਾ ਕੂੜ-ਕੰਧ ਢਾਉਣੀ
ਅਖ਼ਬਾਰ ਬੇ-ਅਖ਼ਬਾਰ ਹੋ ਰਹੀ ਹੈ

■

**(ਕੈਨੇਡਾ)**

# ਅਫ਼ਜ਼ਲ ਸਾਹਿਰ

## ਗ਼ਜ਼ਲ



ਸਾਡੇ ਬਾਬੇ ਲੀਕਾਂ ਚੁੰਮੀਆਂ, ਸਾਨੂੰ ਮੱਤ ਕੀ ਆਉਣੀ
ਅੰਗ ਲਮਕਣ ਨੰਗੀ ਤਾਰ ‘ਤੇ, ਵਿੱਚ ਰੱਤ ਕੀ ਆਉਣੀ

ਅਸੀਂ ਝੂਠੋਂ ਝੂਠੀ ਖੇਡ ਕੇ, ਇੱਕ ਸੱਚ ਬਣਾਇਆ
ਫਿਰ ਉਸ ਨੂੰ ਧਰਮੀ ਲਹਿਰ ਦਾ, ਤੜਕਾ ਲਾਇਆ

ਅਸੀਂ ਪਾਕ ਪਲੀਤੇ ਪਾਣੀਆਂ ਵਿੱਚ, ਰਿੱਝਦੇ ਜਾਈਏ
ਜਾਂ ਹੱਸੀਏ ਘੂਰੀ ਵੱਟ ਕੇ, ਜਾਂ ਖਿਝਦੇ ਜਾਈਏ

ਕੋਈ ਨੇਜ਼ੇ ਉੱਤੇ ਸੱਚ ਵੀ, ਇੱਥੇ ਨਹੀਂ ਪਚਣਾ
ਭਾਵੇਂ ਈਸਾ ਮੁੜ ਕੇ ਆ ਜਾਏ, ਇੱਥੇ ਨਹੀਂ ਬਚਣਾ

ਅਸੀਂ ਅੱਖਾਂ ਮਲ਼ ਮਲ਼ ਵੇਖੀਏ, ਕੀ ਖੇਡਾਂ ਹੋਈਆਂ
ਕਿਤੇ ਸ਼ੇਰਾਂ ਵਰਗੇ ਸੂਰਮੇ, ਅੱਜ ਭੇਡਾਂ ਹੋਈਆਂ

ਚੰਗਾ ਈ ਸੀ ਪੁੱਤਰਾ, ਜੇ ਦੇਸ਼ ‘ਚ ਰਹਿੰਦੇ
ਸਾਨੂੰ ਆਣ ਅੰਗਰੇਜ਼ਾਂ ਰੋਲਿਆ, ਸਾਡੇ ਬਾਬੇ ਕਹਿੰਦੇ

ਸਾਨੂੰ ਸੱਜਾ ਹੱਥ ਵਿਖਾ ਕੇ, ਮਾਰੀ ਸੁ ਖੱਬੀ
ਅਸੀਂ ਜੰਨਤ ਵੱਲ ਨੂੰ ਨੱਠ ਪਏ, ਤੇ ਦੋਜ਼ਖ਼ ਲੱਭੀ

ਅਸੀਂ ਜੁੱਤੇ ਵਿੱਚ ਪੰਜਾਲੀਆਂ, ਹਲ਼ ਬਣ ਗਏ ਫਾਹੀਆਂ
ਅਸੀਂ ਖੇਤਾਂ ਵਿੱਚ ਈ ਬੀਜੀਆਂ, ਕਈ ਸਾਲ, ਛਮਾਹੀਆਂ

ਅਸੀਂ ਵਿਲਕੇ ਰੋਏ ਭੁੱਖ ਤੋਂ, ਸਾਹ ਟੁੱਟਣ ਲੱਗ ਪਏ
ਫਿਰ ਲੱਤਾਂ ਕੱਢੀਆਂ ਚੌਧਰੀ, ਅਸੀਂ ਘੁੱਟਣ ਲੱਗ ਪਏ

ਨਹੀਂ ਖਾਣ ਪੀਣ ਨੂੰ ਲੱਭਦਾ, ਸਾਡੇ ਘਰ ‘ਚ ਸਾਇਆ
ਅਖ਼ੇ ਬੋਤਲ ‘ਚੋਂ ਨਹੀਂ ਪੀਵਣਾ, ਇਹ ਦੱਮ ਕਰਵਾਇਆ

ਅਸੀਂ ਛਿੱਟੀ ਚਰਾਵਣ ਲੈ ਗਏ, ਕਿੰਜ ਬੂਹਾ ਨਿਕਲੇ
ਜਿਉਂ ਬੀਨ ਵਜਾਈਏ ਰੁੱਡ ‘ਤੇ, ਤਾਂ ਚੂਹਾ ਨਿਕਲੇ

ਗਏ ਵੱਡੇ ਬਾਹਰ ਵਲੈਤ ‘ਚੋਂ, ਸ਼ਾਹੂਕਾਰ ਲਿਆਏ
ਸਾਡੀ ਖਿੜੀ ਕਪਾਹ ਨੂੰ ਵੇਚਿਆ, ਅਸੀਂ ਮੰਗ ਕੇ ਪਾਏ

ਜਦ ਸ਼ੀਸ਼ੇ ਮੂਹਰੇ ਆ ਗਏ, ਬਣ ਅਫ਼ਲਾਤੂਨੀ
ਤਦ ਸ਼ਕਲਾਂ ਦਿਸੀਆਂ ਕਾਲੀਆਂ, ਹੱਥ ਖੂਨੋ ਖੂਨੀ

ਅਸੀਂ ਖੜੇ ਖਲੋਤੇ ਕੰਬ ਗਏ, ਪਰਛਾਵੇਂ ਬਦਲੇ
ਸਾਡੇ ਆਪਣਿਆਂ ਪਟਵਾਰੀਆਂ, ਸਾਡੇ ਨਾਵੇਂ ਬਦਲੇ

ਸਾਨੂੰ ਸੁਰਤ ਨਾ ਆਈ ਹੋਵੰਦੇ, ਕਿਜ ਘਾਟੇ ਵਾਧੇ
ਅਸੀਂ ਬਾਂਦਰ-ਕਿੱਲਾ ਖੇਡਿਆ, ਤੇ ਛਿੱਤਰ ਖਾਧੇ

ਸਾਨੂੰ ਟੁੱਕ ਦਾ ਫਾਹਾ ਲੈ ਗਿਆ ਸੀ, ਮਿੱਲਾਂ ਵੱਲੇ
ਦੋ ਮਾਲਿਕ ਜੁੜ ਕੇ ਬਹਿ ਗਏ, ਅਸੀਂ ਲੱਖਾਂ ਕੱਲੇ

ਸਾਡਾ ਗੰਨਾ ਮਿਲ ਨੇ ਪੀੜਿਆ, ਰੌਹ ਰੱਤੀ ਨਿਕਲੀ
ਉਸ ਰੱਤ ‘ਚੋਂ ਪੱਗਾਂ ਵਾਲਿਆਂ ਦੀ, ਪੱਤੀ ਨਿਕਲੀ

ਅਸੀਂ ਮੀਂਹ ਤੋਂ ਕਣਕਾਂ ਸਾਂਭੀਆਂ, ਸਾਨੂੰ ਚੌਧਰ ਪੈ ਗਈ
ਸਾਡਾ ਮਿੱਟੀ ਵਿੱਚ ਮੂੰਹ ਤੁੰਨ ਕੇ, ਸਾਡੇ ਸਿਰ ‘ਤੇ ਬਹਿ ਗਈ


ਕੀ ਦੱਸਾਂ! ਸਾਹ ਦੀ ਮੰਡੀਏ, ਕਿੰਜ ਮੰਦਾ ਹੁੰਦਾ
ਮੈਂ ਰੱਬ ਨਾਲ ਦੁਖੜੇ ਫੋਲਦਾ, ਜੇ ਬੰਦਾ ਹੁੰਦਾ

■

**(ਲਾਹੌਰ, ਪਾਕਿਸਤਾਨ)**

# ਅਜ਼ੀਮ ਸ਼ੇਖ਼ਰ

# ਗ਼ਜ਼ਲ



ਦਿੰਦੈ ਜਨੂੰਨ ਕਿੱਦਾਂ ਆਕੜ ਨੂੰ ਮਾਤ ਵੇਖ
ਜੁਗਨੂੰ ਦੇ ਸ਼ੌਕ ਕਰਕੇ ਸਹਿਮੀ ਜੋ ਰਾਤ ਵੇਖ

ਚੇਹਰਾ ਤਾਂ ਵੇਖਦਾ ਹੈਂ ਸ਼ੀਸ਼ੇ 'ਚੋਂ ਅਪਣਾ ਰੋਜ਼
ਜੇਰਾ ਹੈ ਤਾਂ ਕਦੀ ਤੂੰ ਅਪਣੀ ਔਕਾਤ ਵੇਖ

ਤਿੜਕੇ ਬਗੈਰ ਬਣਦਾ ਹੈ ਸ਼ੋਰ ਚੁੱਪ ਜਿਸਦੀ
ਪੱਥਰ 'ਚ ਢ਼ਲੀ ਓਸੇ ਸ਼ੀਸ਼ੇ ਦੀ ਜ਼ਾਤ ਵੇਖ

ਸਮਝੇ ਹਾਂ ਇਸਨੂੰ ਅਕਸਰ ਗੂੰਗੇ ਦੇ ਗੀਤ ਵਾਂਗ
ਰੁੱਸਦੀ ਹੈ ਜ਼ਿੰਦਗੀ ਜਦ ਘਰ ਦੇ ਹਾਲਾਤ ਵੇਖ

ਨੱਚਦੇ ਨੇ ਪੋਟਿਆਂ 'ਤੇ ਸਾਡੇ ਤਾਂ ਚਾਅ 'ਅਜ਼ੀਮ'
ਪਰਤੇ ਜੋ ਹੋਰ ਹੋਣੇ ਮੁਸ਼ਕਿਲ ਬਿਸਾਤ ਵੇਖ

■

**(ਯੂ.ਕੇ.)**

# ਅਰਤਿੰਦਰ ਸੰਧੂ



## ਗ਼ਜ਼ਲ–1

ਐ ਹਵਾਏ! ਸੁਪਨਿਆਂ ਦੀਆਂ, ਟੱਪਰੀਆਂ ‘ਚੋਂ ਹੋ ਕੇ ਆ
ਖਾਨਾਬਦੋਸ਼ ਚਿਹਰਿਆਂ ਨੂੰ, ਸੋਚ ਦੇ ਜਲ ਧੋ ਕੇ ਆ

ਕੁਝ ਸਵੇਰੇ ਮੂਰਛਿਤ, ਅੰਦਰੋਂ ਜਿਊਂਦੇ ਹੋਣਗੇ
ਉਨ੍ਹਾਂ ਉੱਤੇ ਚਾਨਣੇ, ਚਾਵਾਂ ਦੇ ਛਿੱਟੇ ਪਾ ਜਗਾ

ਖ਼ੁਦਕੁਸ਼ੀ ਦੇ ਦੌਰ ਅੰਦਰ, ਸੁੰਨ ਨਗਰੀ ਦਾ ਅਜ਼ਾਬ
ਕਿਹੜੀ ਲਿੱਪੀ ਵਿਚ ਲਿਖੀਏ, ਸਾਨੂੰ ਹੁਣ ਉਹੀ ਸਿਖਾ

ਸ਼ਹਿਰ ਦੀ ਸਾਰੀ ਹੀ ਛਾਂ ਨੂੰ, ਛਾਂਗ ਕੇ ਹੁਣ ਦਾ ਸਮਾਂ
ਮੰਨ ਬੈਠਾ ਹੈ ਕਿ ਆਪਣਾ ਫ਼ਰਜ਼ ਮੈਂ ਦਿੱਤਾ ਨਿਭਾ

ਛਾਵਾਂ ਦੀਆਂ ਕਬਰਾਂ ਦੇ ਉੱਤੇ, ਤਪਸ਼ ਦੇ ਤਾਣੀ ਚੰਦੋਏ
ਵਿਕਾਸ ਗਾ ਰਿਹਾ ਹੈ ਗਾਣਾ, ਕੁਰਸੀਆਂ ਦੇ ਨਾਮ ਦਾ

ਆ ਗਿਆ ਹੈ ਕੋਈ ਸ਼ਕੁਨੀ, ਮੋਹ ਦੀਆਂ ਤੰਦਾਂ ਵਿਚਾਲੇ
ਚਾਹ ਰਿਹਾ ਹੈ ਫਿਰ ਤੋਂ ਦੇਵੇ, ਕੋਈ ਮਹਾਂਭਾਰਤ ਜਗਾ

ਬੇਲਾਗਤਾ ਦੇ ਸੀਨਿਆਂ ਵਿਚ, ਵਾਵਰੋਲਾ ਹੋ ਕੇ ਜਾਹ
ਖੰਡਰਾਂ ‘ਚੋਂ ਜਾਗ ਜਾਵੇ, ਜੀਣ ਦਾ ਇਕ ਸਿਲਸਿਲਾ

■

(404 Tilak Nagar
Amritsar-147001, Pb.
India)

# ਗ਼ਜ਼ਲ-2

ਪਰਦੇਸੀ ਹੋਏ ਬੱਚਿਓ, ਜਦ ਜ਼ਿੰਦਗੀ ਨੂੰ ਚੱਖਣਾ
ਘਰ ਦਾ ਚੇਤਾ ਆਵੇ ਤਾਂ, ਆਪਣਾ ਖਿਆਲ ਰੱਖਣਾ

ਘਰ ਤਾਂ ਸਾਹ ਦਰ ਸਾਹ, ਤੁਹਾਨੂੰ ਇਸ ਤਰ੍ਹਾਂ ਚੇਤੇ ਕਰੇ
ਕਰ ਰਹੀ ਧਰਤੀ ਜਿਵੇਂ, ਸੂਰਜ ਦੀ ਨਿੱਤ ਪਰਦੱਖਣਾ

ਬਿੜਕ ਬਿੜਕ ਜੀਂਦਿਆਂ ਹੁਣ, ਤਿੜਕ ਤਿੜਕ ਪੈ ਰਿਹਾ
ਸਿਰਜ ਕੇ ਸ਼ਾਹਕਾਰ ਕਈ, ਰੀਝਾਂ ਦਾ ਵਿਹੜਾ ਸੱਖਣਾ

ਖਿੱਲਰੀ ਜਿਹੀ ਜਿੰਦ ਤੇ, ਆਸਾਂ ਦੇ ਟਾਂਕੇ ਲਾਉਂਦਿਆਂ
ਜੀਣ ਦੇ ਸੁਪਨੇ ਨੂੰ ਘਰ, ਚਾਹੁੰਦਾ ਏ ਸਾਂਭੀ ਰੱਖਣਾ

ਨਵੀਆਂ ਹਵਾਵਾਂ ਮਾਣਦੇ, ਰੰਗ ਜ਼ਿੰਦਗੀ ਦੇ ਛਾਣਦੇ
ਕੁਝ ਰੰਗ ਇਸ ਮਿੱਟੀ ਦੀ, ਕਰਜ਼ ਵਾਪਸੀ ਲਈ ਰੱਖਣਾ

ਪਰਦੇਸੀ ਹੋਏ ਬੱਚਿਓ, ਜਦ ਜ਼ਿੰਦਗੀ ਨੂੰ ਚੱਖਣਾ
ਘਰ ਦਾ ਚੇਤਾ ਆਵੇ ਤਾਂ, ਆਪਣਾ ਖਿਆਲ ਰੱਖਣਾ

■

(404 Tilak Nagar
Amritsar-147001, Pb.
India)

# ਆਦੇਸ਼ ਅੰਕੁਸ਼



## ਗ਼ਜ਼ਲ-1

ਚਿਹਰਾ ਸੰਵਾਰਦੇ ਹਾਂ, ਰਹਿੰਦੇ ਨੇ ਚੀਰ ਦਿਲ 'ਤੇ
ਕਿਧਰੇ ਵੀ ਪੀੜ ਹੋਵੇ, ਪਹੁੰਚੇ ਅਖ਼ੀਰ ਦਿਲ 'ਤੇ

ਨੈਣਾਂ 'ਚੋਂ ਟਪਕਿਆ ਤੇ ਡੁੱਲ੍ਹਿਆ ਸੀ, ਨੀਰ ਦਿਲ 'ਤੇ
ਹੱਥਾਂ 'ਚ ਮੱਕੜਾ ਸੀ, ਫਿਰ ਗਏ ਕਸੀਰ ਦਿਲ 'ਤੇ

ਖ਼ਾਬਾਂ ਦੇ ਫੱਟ ਹੁਣ ਤਾਂ ਨਾਸੂਰ ਬਣ ਗਏ ਨੇ
ਭਲਿਆ ਚਲਾ ਨਾ ਐਵੇਂ ਨਜ਼ਰਾਂ ਦੇ ਤੀਰ ਦਿਲ 'ਤੇ

ਲੁਕਦੀ ਨਹੀਂ ਲੁਕਾਇਆਂ, ਮਿਟਦੀ ਨਹੀਂ ਮਿਟਾਇਆਂ
ਵਾਹੀ ਸੀ ਜੋ ਸਮੇਂ ਨੇ ਖ਼ੂਨੀ ਲਕੀਰ ਦਿਲ 'ਤੇ

ਤਖ਼ਤਾਂ, ਤਕਾਜ਼ਿਆਂ ਨਾ ਤੂਰਾਂ ਨੂੰ ਸਮਝ ਆਵੇ
ਰਹਿੰਦੇ ਨੇ ਰਾਜ ਕਰਦੇ, ਕੀਕਰ ਫ਼ਕੀਰ ਦਿਲ 'ਤੇ

ਖ਼ਵਰੇ ਲੁਟਾ ਰਿਹਾ ਹਾਂ, ਖ਼ਵਰੇ ਵਧਾ ਰਿਹਾ ਹਾਂ
ਪੁਰਖੇ ਜੋ ਦੇ ਗਏ ਸੀ ਲਿਖਕੇ ਜਗੀਰ ਦਿਲ 'ਤੇ

ਆਦੇਸ਼ ਫਿਰ ਵੀ ਉਸਦੇ, ਰੂਹਾਂ ਦਾ ਰੱਜ ਬਣਦੇ
ਅੰਕੁਸ਼ ਦੇ ਵਾਰ ਬੇਸ਼ਕ, ਹੁੰਦੇ ਨੇ ਵੀਰ, ਦਿਲ 'ਤੇ

■

(Vill. & P.O. Dhianpur-143605
Via Batala, Distt. Gurdaspur, Pb.
INDIA)

# ਗ਼ਜ਼ਲ-2

ਮੁੱਦਤ ਪਹਿਲਾਂ ਗੁਜ਼ਰ ਗਿਆ ਸੀ, ਫਿਰ ਵੀ ਜ਼ਿੰਦਾ ਮਿਲਦਾ ਹੈ
ਬਸਤੀ ਨੂੰ ਅਕਸਰ ਬੁੱਤ ਬਣਕੇ, ਇੱਕ ਬਾਸ਼ਿੰਦਾ ਮਿਲਦਾ ਹੈ

ਰੁੱਸ ਕੇ ਬਹਿ ਗਈ ਜਿਸਦੀ ਨੀਂਦਰ ਪਿੰਡ ਵਾਲੀ ਪਗਡੰਡੀ 'ਤੇ
ਸ਼ਹਿਰ ਦੀਆਂ ਸੜਕਾਂ ਤੇ ਘੁੰਮਦਾ, ਸੁੱਤ-ਉਨਿੰਦਾ ਮਿਲਦਾ ਹੈ

ਸੁਹਲ ਜਿਹੀ ਟਾਹਣੀ ਤੇ ਪੱਤੇ ਮੌਲਣ-ਪੱਲਰਣ ਲੱਗਦੇ ਨੇ
ਨਿੱਕੇ ਪੌਦੇ ਨੂੰ ਛਾਂ ਬਣਕੇ ਜਦੋਂ ਪਰਿੰਦਾ ਮਿਲਦਾ ਹੈ

ਜਿਸਦੀ ਆਦਤ ਸੀ ਕਹਿਣਾ,"ਦਰਅਸਲ ਹਕੀਕਤ ਖੋਜ ਰਿਹਾਂ"
ਅੱਜਕਲ੍ਹ ਖ਼ਾਬਾਂ ਦੇ ਬੂਟੇ ਨੂੰ ਪਾਣੀ ਦਿੰਦਾ ਮਿਲਦਾ ਹੈ

ਬਹੁਤੀ ਵਾਰੀ ਪਥ-ਪਰਦਰਸ਼ਕ ਹੀ ਰਾਹੋਂ ਭਟਕਾ ਜਾਂਦੈ
ਘਰ ਤੱਕ ਛੱਡਣ ਵਾਲਾ ਕੋਈ ਸ਼ਖ਼ਸ ਚੁਨਿੰਦਾ ਮਿਲਦਾ ਹੈ

ਸੱਤ ਸਮੁੰਦਰ ਪਾਰੋਂ ਆ ਜਦ ਖ਼ੁਸ਼ਬੂ ਮਿਲੇ ਖ਼ਿਆਲਾਂ ਨੂੰ
ਸ਼ਿਅਰ ਕੋਈ ਗਲ਼ ਲੱਗ ਸ਼ਾਇਰ ਦੇ, ਸੁਹਣਾ -ਛਿੰਦਾ ਮਿਲਦਾ ਹੈ

ਜਾਂ ਤਾਂ ਪਿਘਲ ਕੇ ਖੁਰ ਜਾਂਦਾ ਹੈ, ਜਾਂ ਇਕਦਮ ਪਥਰਾ ਜਾਂਦੈ
ਸ਼ੀਸ਼ੇ ਵਿੱਚ ਆਦੇਸ਼ ਨੂੰ ਖਵਰੇ ਕੌਣ ਦਰਿੰਦਾ ਮਿਲਦਾ ਹੈ

■

ਅਮਰਜੀਤ ਟਾਂਡਾ (ਡਾ.)



# ਗ਼ਜ਼ਲ

ਹੱਸਦਾ ਹਾਂ ਉਦਾਸ ਅੱਖਾਂ ਛੁਪਾਣ ਲਈ
ਰਿਮਝਿਮ ਚ ਖੇਡਦਾਂ ਹਾਂ ਹੰਝੂ ਲੁਕਾਣ ਲਈ

ਸੂਰਜ ਦੇ ਸੇਕ ਚ ਕੀ ਕੀ ਟੰਗ ਲਵਾਂ
ਚੀਸਾਂ ਹੀ ਬਹੁਤ ਨੇ ਦੁੱਖੜੇ ਸੁਕਾਣ ਲਈ

ਹਿਜਰਾਂ ਦੇ ਪਰਿੰਦੇ ਕਈ ਸ਼ਹਿਰ ਦੇ
ਹੱਥਾਂ ਚ ਲੈ ਆਏ ਚੰਨ ਪੜ੍ਹਾਣ ਲਈ

ਇੱਕ ਇਕ ਸਰਾਪ ਬਣ ਕੇ ਮਰ ਗਿਆ
ਬਚਿਆ ਨਾ ਤਾਰਾ ਕੋਈ ਰੁਸ਼ਨਾਣ ਲਈ

ਵਕਤ ਦੀਆਂ ਪੈੜਾਂ ਹੇਠੋਂ ਛਾਣਿਆ
ਲੰਗਾਰਿਆ ਵਿਯੋਗ ਇੱਕ ਹਾਣ ਲਈ


ਗੀਤ ਦੀ ਮਹਿਕ ਮਿਲੀ ਉੱਡ ਕੇ
ਭੁੱਖ ਲੱਗੀ ਚੰਨ ਗਰਾਹੀ ਖਾਣ ਲਈ

ਫੁੱਲ ਪੱਤਿਆਂ ਨੇ ਸਲਾਹਾਂ ਕੀਤੀਆਂ
ਧਰਵਾਸ ਜੇਹੀਆਂ ਧੁੱਪਾਂ ਗਲ ਪਾਣ ਲਈ

■

**(ਸਿਡਨੀ, ਅਸਟਰੇਲੀਆ)**

# ਅਮਰੀਕ ਡੋਗਰਾ



# ਗ਼ਜ਼ਲ

ਸਤਲੁਜ ਉਦਾਸ ਅੱਜਕਲ੍ਹ ਗੁਮਸੁਮ ਚਨਾਬ ਅੱਜਕਲ੍ਹ
ਲਹਿਰਾਂ ਚ ਘਿਰ ਗਏ ਨੇ, ਪੰਜੇ ਹੀ ਆਬ ਅੱਜਕਲ੍ਹ

ਹੋਰ ਇਸ ਤੋਂ ਵੱਡਾ ਆਉਣੈ, ਕੀ ਇਨਕਲਾਬ ਅੱਜਕਲ੍ਹ
ਕਾਤਲ ਵੀ ਚੋਣ ਲੜਦੇ, ਲਾਹ ਕੇ ਨਕਾਬ ਅੱਜਕਲ੍ਹ

ਪੰਜਾਬ ਨੂੰ ਇਹ ਵੇਚਣ ਦੀ ਰਚ ਰਹੇ ਨੇ ਸਾਜ਼ਿਸ਼
ਅੰਨ੍ਹੇ ਵੀ ਦੇਖਦੇ ਨੇ, ਕਿੱਦਾਂ ਦੇ ਖਾਬ ਅੱਜਕਲ੍ਹ

ਬਾਰੂਦ ਦੇ ਵਪਾਰੀ, ਲੋਕਾਂ ਦੇ ਘਰ 'ਚ ਜਾ ਕੇ
ਰੱਤ ਵਿਚ ਡਬੋ ਕੇ ਵੰਡਦੇ, ਚਿੱਟੇ ਗੁਲਾਬ ਅੱਜਕਲ੍ਹ

ਹੁਣ ਰਿਸ਼ਤਿਆਂ ਨੂੰ ਨਫ਼ਰਤ, ਦੀ ਸਿਉਂਕ ਲਗ ਗਈ ਹੈ
ਕੰਧਾਂ ਨੂੰ ਚੜ ਗਈ ਹੈ, ਜ਼ਹਿਰੀ ਸਲਾਬ ਅੱਜਕਲ੍ਹ

ਈਮੇਲ ਵਾਲੇ ਭਾਸ਼ਾ, ਉਲਫ਼ਤ ਦੀ ਭੁੱਲ ਗਏ ਨੇ
ਕਿੱਦਾਂ ਇਹ ਪੜ੍ਹ ਸਕਣਗੇ, ਦਿਲ ਦੀ ਕਿਤਾਬ ਅੱਜਕਲ੍ਹ

ਚੀਚੀ ਨੂੰ ਖ਼ੂਨ ਲਾ ਕੇ, ਸਾਰੇ ਸ਼ਹੀਦ ਬਣਦੇ
ਇਹ ਸ਼ਾਰਕਾਂ ਵੀ ਸਮਝਣ, ਖ਼ੁਦ ਨੂੰ ਉਕਾਬ ਅੱਜਕਲ੍ਹ

ਅਮਰੀਕ ਅਪਣਿਆਂ ਤੋਂ, ਬਚ ਬਚ ਕੇ ਹੁਣ ਰਹੀਂ ਤੂੰ
ਇਹ ਭੁਲ ਗਏ ਨੇ ਸਾਰੇ, ਅਦਬੋ-ਅਦਾਬ ਅੱਜਕਲ੍ਹ

■

**(ਪੰਜਾਬ, ਇੰਡੀਆ)**

# ਇਰਸ਼ਾਦ ਸੰਧੂ



## ਗ਼ਜ਼ਲ

ਜਿਹੜੀ ਸੋਚ ਦੀ ਲੋੜ ਸੀ ਸਾਨੂੰ ਉਹਦਾ ਕਾਲ਼ ਏ ਚਾਚਾ
ਤਾਂ ਤੇ ਸਾਡਾ ਡੰਗਰਾਂ ਤੋਂ ਵੀ ਭੈੜਾ ਹਾਲ ਏ ਚਾਚਾ

ਮੈਨੂੰ ਤੂੰ ਏ ਸੋਚ ਕੇ ਦੱਸ ਖ਼ਾਂ ਆਪਣੇ ਦੇਸ ਦੇ ਅੰਦਰ
ਬੇ ਵਸੀਆਂ ਤੇ ਬੇ ਹਿੱਸਿਆਂ ਨੂੰ ਕੱਤਵਾਂ ਸਾਲ ਏ ਚਾਚਾ

ਜੋ ਜੰਮੇ ਆਂ ਸਹਿੰਦੇ ਪਏ ਨੇਂ ਮਾੜੇ ਈ ਦੁੱਖ ਸਾਰੇ
ਆਪਣੇ ਪਿੰਡ ਤੇ ਰੱਬ ਵੀ ਖ਼ੌਰੇ ਤਗੜੇ ਨਾਲ਼ ਏ ਚਾਚਾ

ਹੁਣ ਵੀ ਜੇ ਨਾ ਲੋਕੀਂ ਬਦਲੇ ਤੇ ਫ਼ਿਰ ਇਸ ਤੋਂ ਅੱਗੇ
ਸਿੱਧੀ ਸਾਵੇਂ ਅੰਨ੍ਹੇ ਖੂਹ ਵਿਚ ਅੰਨ੍ਹੀ ਛਾਲ ਏ ਚਾਚਾ

ਮੈਨੂੰ ਚੁੱਪ ਕਰਾ ਦਿੰਦੇ ਨੇਂ ਉਹਨੂੰ ਕੁਝ ਨਹੀਂ ਕਹਿੰਦੇ
ਉਹ ਤਗੜੇ ਦਾ ਪੁੱਤਰ ਵੀ ਤੇ ਕੱਲ੍ਹ ਦਾ ਬਾਲ ਏ ਚਾਚਾ

ਘਰ ਘਰ ਲੱਗੀ ਇੱਟ ਤੇ ਜੇ ਮਜ਼ਦੂਰ ਦਾ ਲਹੂ ਨਹੀਂ ਲੱਗਿਆ
ਮੈਨੂੰ ਵੀ ਫ਼ਿਰ ਦੱਸ ਖ਼ਾਂ ਇਹਦਾ ਰੰਗ ਕਿਉਂ ਲਾਲ਼ ਏ ਚਾਚਾ

ਜਿਹੜੇ ਬਾਗ਼ ਨੂੰ ਲਾਂਦੇ ਰਹਿ ਗਏ ਤੋਤੇ, ਮੋਰ ਤੇ ਚਿੜੀਆਂ
ਗਿਰਝਾਂ ਤੇ ਕੁਝ ਕਾਵਾਂ ਰਲ਼ ਕੇ ਦਿੱਤਾ ਗਾਲ ਏ ਚਾਚਾ

ਨਿੱਤ ਗਲੀ ਚੋਂ ਲੰਘਦਾ ਏ ਜੋ ਵਾਅ ਦੇ ਬੁਲੇ ਵਰਗਾ
ਬਾਕੀ ਦਾ ਤੂੰ ਛੱਡ ਪਰ ਉਹਦੀ ਟੂਰ ਕਮਾਲ ਏ ਚਾਚਾ


ਸੰਧੂ ਇਕੋ ਗੱਲ ਪੁੱਛਦਾ ਏ ਦੂਰ ਕਰਨ ਵਿਚ ਸਾਨੂੰ
ਬੰਦੇ ਹੁਣ ਤੱਕ ਸਮਝੇ ਕਿਉਂ ਨਹੀਂ ਕਿਹਦੀ ਚਾਲ ਏ ਚਾਚਾ

■

**(ਲਾਹੌਰ, ਪਾਕਿਸਤਾਨ)**

## ਇਬਾਦ ਨਬੀਲ ਸ਼ਾਦ

# ਗ਼ਜ਼ਲ



ਨਾ ਨਾ ਕਰਦੀਆਂ ਵਾਜਾਂ, ਚਾਰ ਚੁਫ਼ੇਰੇ ਨੇਂ
ਲਹੂ ਵਿੱਚ ਡੁੱਬੀਆਂ ਲਾਸ਼ਾਂ, ਚਾਰ ਚੁਫ਼ੇਰੇ ਨੇਂ

ਰਾਹਕਾਂ ਘਰ ਤੇ ਫੱਕਾ, ਦਾਣੇ ਪੁਜਦੇ ਨਹੀਂ
ਹਰੀਆਂ ਭਰੀਆਂ ਫ਼ਸਲਾਂ, ਚਾਰ ਚੁਫ਼ੇਰੇ ਨੇਂ

ਜੇਕਰ ਆਸ ਦਾ ਸੂਰਜ, ਅੰਦਰੋਂ ਬੁਝਿਆ ਏ
ਘੁੱਪ ਹਨੇਰੀਆਂ ਰਾਤਾਂ, ਚਾਰ ਚੁਫ਼ੇਰੇ ਨੇਂ

ਖੁਲ੍ਹੀਆਂ ਅੱਖਾਂ ਨਾਲ, ਜੇ ਕੱਠੀਆਂ ਕਰੀਏ ਤੇ
ਡਿੱਗੀਆਂ ਹੋਈਆਂ ਨਜ਼ਮਾਂ, ਚਾਰ ਚੁਫ਼ੇਰੇ ਨੇਂ


ਤੇਰੇ ਘਰ ਦੀ ਹੋਰ, ਨਿਸ਼ਾਨੀ ਚੇਤੇ ਨਹੀਂ
ਉਹੋ ਬੂਹੇ, ਗਲੀਆਂ, ਚਾਰ ਚੁਫ਼ੇਰੇ ਨੇਂ

ਖ਼ੋਰੇ ਫਿਰ ਵੀ ਔਖਾ, ਸਾਹ ਕਿਉਂ ਆਉਂਦਾ ਏ
ਖੁਲ੍ਹੀਆਂ 'ਸ਼ਾਦ' ਹਵਾਵਾਂ, ਚਾਰ ਚੁਫ਼ੇਰੇ ਨੇਂ

■

(ਲਾਹੌਰ, ਪਾਕਿਸਤਾਨ)

# ਸੁਰਜੀਤ ਪਾਤਰ



# ਗ਼ਜ਼ਲ-1

ਉਜਲੇ ਸ਼ੀਸ਼ੇ ਸਨਮੁਖ ਮੈਨੂੰ ਚਿਰ ਤਕ ਨਾ ਖਲ੍ਹਿਆਰ
ਮੈਲੇ ਮਨ ਵਾਲੇ ਮੁਜਰਿਮ ਨੂੰ ਇਸ ਮੌਤੇ ਨਾ ਮਾਰ

ਚੰਨ ਏਕਮ ਦਾ ਫੁਲ ਗੁਲਾਬ ਦਾ, ਸਾਜ਼ ਦੇ ਕੰਬਦੇ ਤਾਰ
ਕਿੰਨੇ ਖ਼ੰਜਰ ਅੱਖਾਂ ਸਾਹਵੇਂ ਲਿਸ਼ਕਣ ਵਾਰੋ ਵਾਰ

ਦਿਲ ਨੂੰ ਬੋਝਲ ਜਿਹੀਆਂ ਲੱਗਣ ਤੇਰੀਆਂ ਕੋਮਲ ਯਾਦਾਂ
ਪੱਥਰਾਂ ਕੋਲੋਂ ਚੁੱਕ ਨਾ ਹੁੰਦਾ ਹੁਣ ਫੁੱਲਾਂ ਦਾ ਭਾਰ

ਲੱਖਾਂ ਗੀਤਾਂ ਦੇ ਲਈ ਖੁੱਲ੍ਹੇ ਮੁਕਤੀ ਦਾ ਦਰਵਾਜ਼ਾ
ਦਿਲ ਵਿਚ ਕੋਈ ਐਸੀ ਖੁੱਭੇ ਚਾਨਣ ਦੀ ਤਲਵਾਰ

ਪੱਥਰ ਹੇਠਾਂ ਅੰਕੁਰ ਤੜਪੇ, ਹਰ ਅੰਕੁਰ ਵਿਚ ਫੁੱਲ
ਪੱਥਰ ਵਿਚ ਤਰੇੜਾਂ ਪਾ ਗਈ ਹਿੰਸਕ ਰੁੱਤ ਬਹਾਰ

ਮਿੱਟੀ ਉਤੇ, ਫੁੱਲ ਦੇ ਉਤੇ, ਤੇ ਸ਼ਾਇਰ ਦੇ ਦਿਲ 'ਤੇ
ਇਕ ਮੋਈ ਤਿਤਲੀ ਦਾ ਹੁੰਦਾ ਵੱਖੋ ਵੱਖਰਾ ਭਾਰ

ਚੜ੍ਹਦਾ ਚੰਦ, ਸਮੁੰਦਰ, ਵਜਦਾ ਸਾਜ਼ ਤੇ ਤੇਰੀ ਯਾਦ
ਮੈਂ ਵੀ ਸ਼ਾਮਲ ਹੋ ਜਾਵਾਂ ਤਾਂ ਚੀਜ਼ਾਂ ਹੋਵਣ ਚਾਰ

ਲੇਟੇ ਲੇਟੇ ਪੜ੍ਹਦੇ ਪੜ੍ਹਦੇ ਸੌਂ ਜਾਂਦੇ ਨੇ ਲੋਕ
ਰੋਜ਼ ਤਕਾਲੀਂ ਛਪ ਜਾਂਦਾ ਹੈ ਇਕ ਨੀਲਾ ਅਖ਼ਬਾਰ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਕਬੂਲ ਨੂਰ ਕਰੇਗਾ ਨਾ ਰੌਸ਼ਨੀ ਮੈਨੂੰ
ਅਜੀਬ ਮੌੜ ਤੇ ਮਾਰੇਗੀ ਜ਼ਿੰਦਗੀ ਮੈਨੂੰ

ਨਦੀ ਦੇ ਪਾਰ ਸੁਣੇ ਕੂਕਦੀ ਜੋ ਰਾਤ ਗਏ
ਹਟੇਗੀ ਡੋਬ ਕੇ ਆਖਰ ਉਹ ਬੰਸਰੀ ਮੈਨੂੰ

ਕਰੇ ਹਜ਼ਾਰ ਜੁ ਰੰਗ ਇਕ ਲਹੂ ਦੇ ਕਤਰੇ ਦੇ
ਮਿਲੀ ਨ ਤੇਗ਼ ਕਲਮ ਨਾਰ ਨਾ ਨਦੀ ਮੈਨੂੰ

ਮੇਰੀ ਸਵੇਰ ਤਾਂ ਹੁਣ ਸ਼ਾਮ ਹੋ ਗਈ ਹੋਣੀ
ਪਛਾਣ ਵੀ ਨਾ ਸਕਾਂਗਾ ਜੇ ਹੁਣ ਮਿਲੀ ਮੈਨੂੰ

ਮੈਂ ਪਿਛਲੇ ਜਨਮ ‘ਚ ਅੱਗ ਬਣ ਕੇ ਸਾੜੇ ਹੋਣਗੇ ਫੁੱਲ
ਕਿ ਜੂਨ ਫੁੱਲ ਦੀ ਏਸੇ ਲਈ ਮਿਲੀ ਮੈਨੂੰ

ਜੋ ਤਪਦੇ ਥਲ ‘ਚ ਬਰਸ ਜਾਂਦੀ ਬਣ ਕੇ ਦਰਦ ਦਾ ਮੀਂਹ
ਬਹੁਤ ਮੈਂ ਰੋਇਆ ਨ ਆਈ ਉਹ ਸ਼ਾਇਰੀ ਮੈਨੂੰ

■

**(ਪੰਜਾਬ, ਇੰਡੀਆ)**

## ਸੰਤ ਰਾਮ ਉਦਾਸੀ

# ਗ਼ਜ਼ਲ-1



ਮੇਰੀ ਮੌਤ ‘ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ
ਮੇਰੇ ਲਹੂ ਦਾ ਕੇਸਰ ਰੇਤੇ ‘ਚ ਨਾ ਰਲਾਇਓ

ਮੇਰੀ ਵੀ ਜ਼ਿੰਦਗੀ ਕੀ? ਬਸ ਬੂਰ ਸਰਕੜੇ ਦਾ
ਆਹਾਂ ਦਾ ਸੇਕ ਕਾਫ਼ੀ ਤੀਲ੍ਹੀ ਬੇਸ਼ੱਕ ਨਾ ਲਾਇਓ

ਹੋਣਾ ਨਹੀਂ ਮੈਂ ਚਾਹੁੰਦਾ, ਸੜ ਕੇ ਸੁਆਹ ਇਕੇਰਾਂ
ਜਦ ਜਦ ਢਲੇਗਾ ਸੂਰਜ ਕਣ ਕਣ ਮੇਰਾ ਜਲਾਇਓ

ਵਲਗਣ ‘ਚ ਕੈਦ ਹੋਣਾ ਮੇਰੇ ਨਹੀਂ ਮੁਆਫ਼ਕ
ਯਾਰਾਂ ਦੇ ਵਾਂਗ ਅਰਥੀ ਸੜਕਾਂ ‘ਤੇ ਹੀ ਜਲਾਇਓ

ਜੀਵਨ ਤੋਂ ਮੌਤ ਤਾਈਂ, ਆਉਂਦੇ ਬੜੇ ਚੁਰਾਹੇ
ਜਿਸ ਦਾ ਹੈ ਪੰਧ ਬਿਖੜਾ ਓਸੇ ਹੀ ਰਾਹ ਲਿਜਾਇਓ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਤੋੜ ਦਿਆਂਗੇ ਲਹੂ ਪੀਣੀਆਂ ਜੋਕਾਂ ਨੂੰ
ਨਵੀਂ ਜ਼ਿੰਦਗੀ ਫੇਰ ਦਿਆਂਗੇ ਲੋਕਾਂ ਨੂੰ

ਹਰ ਔਕੜ ਦੇ ਵਿਚ ਅਸੀਂ ਮੁਸਕਾਵਾਂਗੇ
ਹੜ੍ਹ ਦੇ ਵਾਂਗ ਰੋੜ੍ਹ ਦਿਆਂਗੇ ਰੋਕਾਂ ਨੂੰ

ਝੂਠੇ ਧਰਮ ਤੇ ਵਹਿਮ ਭਰਮ ਨੂੰ ਛੰਡਾਂਗੇ
ਸਿਰ 'ਤੇ ਸਹਿ ਲਵਾਂਗੇ ਸਭਨਾਂ ਟੋਕਾਂ ਨੂੰ

ਲਗਰਾਂ ਕਿਰਤ ਅਸਾਡੀ ਨੇ ਜੋ ਕੱਢੀਆਂ ਨੇ
ਸੂਤਣ ਨਹੀਂ ਦਿਆਂਗੇ ਵਿਹਲੜ ਲੋਕਾਂ ਨੂੰ

ਸਾਵਾਂ ਅਸੀਂ ਦੁਆਵਾਂਗੇ ਮੁੱਲ ਮੁੜ੍ਹਕੇ ਦਾ
ਮੁੱਢੋਂ ਪੁੱਟ ਦਿਆਂਗੇ ਰੋਕਾਂ ਝੋਕਾਂ ਨੂੰ

ਲੋਕਾਂ ਨੂੰ ਪਰਲੋਕਾਂ ਦੇ ਹਰ ਸੰਸੇ ਤੋਂ
ਮੁਕਤ ਕਰਾ ਕੇ ਛੱਡਾਂਗੇ ਤ੍ਰੈ-ਲੋਕਾਂ ਨੂੰ

ਆਪੂੰ ਲੜ ਕੇ ਖੂਨੋ ਖੂਨ ਨਾ ਹੋਵਾਂਗੇ
ਨਹੀਂ ਸਹਾਂਗੇ ਸਾਮਰਾਜ ਦੀਆਂ ਜੋਕਾਂ ਨੂੰ

■

**(ਪੰਜਾਬ, ਇੰਡੀਆ)**

# ਸੁਖਵਿੰਦਰ ਅੰਮ੍ਰਿਤ



## ਗ਼ਜ਼ਲ-1

ਨਹੀਂ ਜੇ ਸ਼ੌਕ ਮੱਚਣ ਦਾ ਤਾਂ ਅੱਗ ਤੋਂ ਫ਼ਾਸਲਾ ਰੱਖੀਂ
ਨ ਬਲਦੇ ਸੂਰਜਾਂ ਦੇ ਨਾਲ ਆਪਣਾ ਰਾਬਤਾ ਰੱਖੀਂ

ਕਿਤੇ ਨਾ ਆਂਦਰਾਂ ਦੇ ਵਿਚ ਲਹੂ ਦੀ ਬਰਫ਼ ਜੰਮ ਜਾਵੇ
ਕੋਈ ਕੋਸਾ ਜਿਹਾ ਹਉਕਾ ਤੂੰ ਸੀਨੇ ਨਾਲ ਲਾ ਰੱਖੀਂ

ਹਵਾ ਵਿਚ ਉਡ ਰਹੀ ਬੱਦਲੀ ਤੇ ਦੱਸ ਕਾਹਦਾ ਭਰੋਸਾ ਹੈ
ਨਦੀ ਦੇ ਪਾਣੀਆਂ ਸੰਗ ਵੀ ਤੂੰ ਗੂੜ੍ਹੀ ਸਾਂਝ ਪਾ ਰੱਖੀਂ

ਤੂੰ ਤੁਰਿਆ ਚੱਲ ਤੂੰ ਅਟਕੀਂ ਨਾ ਡਰੀਂ ਨਾ ਰਾਤ ਕਾਲੀ ਤੋਂ
ਕਿ ਰੱਖੀਂ ਚੇਤਿਆਂ ਵਿਚ ਲੋਅ ਤੇ ਦਿਲ ਵਿਚ ਹੌਸਲਾ ਰੱਖੀਂ

ਉਹ ਲਰਜ਼ੇਗੀ ਧੁਨੀ ਬਣ ਕੇ ਤੇਰੇ ਰੋਮਾਂ 'ਚ ਹਰ ਵੇਲੇ
ਤੂੰ ਅਪਣੇ ਦਿਲ ਦੀਆਂ ਸਭ ਸੁੱਤੀਆਂ ਤਰਬਾਂ ਜਗਾ ਰੱਖੀਂ

ਤੂੰ ਭਰ ਕੇ ਵਗ ਜਾਂ ਵਗ ਊਣਾ ਕਿ ਮੈਂ ਤਾਂ ਰੁੜ੍ਹ ਹੀ ਜਾਣਾ ਹੈ
ਕਿਨਾਰੇ ਖੋਰੀਂ ਨਾ ਅਪਣੇ ਤੂੰ ਬਸ ਅਪਣਾ ਬਚਾ ਰੱਖੀਂ

ਜਿਉਂਦੇ ਜੀਅ ਕਈ ਵਾਰੀ ਮੈਂ ਅਪਣੀ ਮੌਤ ਮਾਣੀ ਹੈ
ਤੂੰ ਹੁਣ ਮੇਰੇ ਗੁਨਾਹਾਂ ਦੀ ਕੋਈ ਵੱਖਰੀ ਸਜ਼ਾ ਰੱਖੀਂ

ਕਿਸੇ ਦੀ ਕੀ ਮਜ਼ਾਲ ਏ ਦੇ ਦਗ਼ਾ ਤੈਨੂੰ ਚਲਾ ਜਾਵੇ
ਤੂੰ ਕਰ ਲਈਂ ਕੈਦ ਸੂਰਜ ਨੂੰ ਤੇ ਮੁੱਠੀ ਵਿਚ ਹਵਾ ਰੱਖੀਂ

ਉਹ ਅੱਜ ਆਵੇ ਜਾਂ ਕੱਲ੍ਹ ਆਵੇ ਕਦੇ ਆਵੇ ਉਹ ਆਵੇਗਾ
ਉਡੀਕੀਂ ਓਸ ਨੂੰ 'ਅੰਮ੍ਰਿਤ' ਤੇ ਅਪਣਾ ਘਰ ਸਜਾ ਰੱਖੀਂ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਜ਼ਮਾਨੇ ਦੀ ਹਵਾ ਤੈਨੂੰ ਬੜਾ ਹੀ ਆਜ਼ਮਾਏਗੀ
ਤੇਰੇ ਜਗਦੇ ਚਿਰਾਗ਼ਾਂ ਨੂੰ ਉਹ ਮੁੜ ਮੁੜ ਕੇ ਬੁਝਾਏਗੀ

ਕਰੇਗੀ ਤੰਗ ਤਨਹਾਈ, ਉਦਾਸੀ ਵੀ ਰਵਾਏਗੀ
ਖ਼ਿਜ਼ਾਂ ਦੀ ਰੁੱਤ ਵਿਚ ਤਿਤਲੀ ਨ ਕੋਈ ਕੋਲ ਆਏਗੀ

ਚੁਭੇਗੀ ਕੰਡਿਆਂ ਵਾਂਗੂੰ ਤੇਰੇ ਨੈਣਾਂ 'ਚ ਸਾਰਾ ਦਿਨ
ਜੋ ਰਾਤੀਂ ਖ਼ਾਬ ਵਿਚ ਫੁੱਲਾਂ ਦੀ ਟਾਹਣੀ ਲਹਿਲਹਾਏਗੀ

ਕਰੇਂਗਾ ਤੂੰ ਬੜੇ ਨਾਕਾਮ ਹੀਲੇ ਉਸ ਨੂੰ ਪਕੜਨ ਦੇ
ਤੇਰੇ ਵੀਰਾਨਿਆਂ ਵਿਚ ਰੋਜ਼ ਇਕ ਆਵਾਜ਼ ਆਏਗੀ

ਇਹ ਠੰਢੇ ਚਸ਼ਮਿਆਂ ਦੀ ਆਰਜ਼ੂ ਪੂਰੀ ਨਹੀਂ ਹੋਣੀ
ਕਿ ਤੇਰੀ ਪਿਆਸ ਤੈਨੂੰ ਹੀ ਕਿਸੇ ਦਿਨ ਡੀਕ ਜਾਏਗੀ

ਹਯਾਤੀ ਦੇ ਸਮੁੰਦਰ ਵਿਚ ਬੜੇ ਤੂਫ਼ਾਨ ਉੱਠਣਗੇ
ਤੇਰੀ ਤਕਦੀਰ ਦੀ ਕਿਸ਼ਤੀ ਭੰਵਰ ਨੂੰ ਡਗਮਗਾਏਗੀ

ਸਮੁੰਦਰ ਦੀ ਸਤਹ ਤੇ ਬਸ ਤੇਰੀ ਇੱਕ ਚੀਕ ਤੈਰੇਗੀ
ਤੇਰੀ ਹਰ ਜੁਸਤਜੂ ਭੰਵਰਾਂ ਦੀ ਤਹਿ ਵਿਚ ਉਤਰ ਜਾਏਗੀ

■

**(ਪੰਜਾਬ, ਇੰਡੀਆ)**

# ਸੋਹਣ ਸਿੰਘ ਮੀਸ਼ਾ



## ਗ਼ਜ਼ਲ-1

ਝਿਜਕਦਾ ਮੈਂ ਵੀ ਰਿਹਾ ਉਹ ਵੀ ਕੁਝ ਸੰਗਦੇ ਰਹੇ
ਚੁਪ-ਚੁਪੀਤੇ ਇਕ ਦੂਏ ਦੀ ਖ਼ੈਰ ਸੁੱਖ ਮੰਗਦੇ ਰਹੇ

ਉਮਰ ਬਿਰਥਾ ਜਾਣ ਦਾ ਅਹਿਸਾਸ ਮਿਲ ਕੇ ਜਾਗਿਆ
ਏਨੇ ਦਿਨ ਇਕ ਦੂਸਰੇ ਬਿਨ, ਕਿਸ ਤਰ੍ਹਾਂ ਲੰਘਦੇ ਰਹੇ

ਤੂੰ ਜੋ ਵਿਛੜਨ ਲੱਗਿਆਂ ਤੋੜੀ ਸੀ ਤੇਹ ਕੱਢਣ ਲਈ
ਦਿਲ ਵਿਚ ਅਕਸਰ ਚੁਭਦੇ ਟੁਕੜੇ ਤੇਰੀ ਵੰਗ ਦੇ ਰਹੇ

ਚਾਕ ਜੋਗੀ ਹੋ ਗਿਆ ਤਾਂ ਹੋ ਗਈਆਂ ਮੱਝੀਆਂ ਉਦਾਸ
ਉਂਝ ਸਭ ਉਸੇ ਤਰ੍ਹਾਂ ਹੀ ਰੰਗ ਢੰਗ ਝੰਗ ਦੇ ਰਹੇ

ਮਹਿਕ ਪੈਂਦੇ ਨੇ ਮਿਰੇ ਪੋਟੇ ਜਦੋਂ ਮੈਂ ਸੋਚਦਾਂ
ਤੇਰੇ ਕੇਸਾਂ ਵਿਚ ਕਦੀ ਇਹ ਫੁੱਲ ਸੀ ਟੰਗਦੇ ਰਹੇ

ਕਾਲੀਆਂ ਸੀ ਬਹੁਤ ਰਾਤਾਂ ਪਰ ਤਿਰੇ ਮੁਖੜੇ ਦੇ ਖ਼ਾਬ
ਮੇਰੀਆਂ ਨੀਂਦਾਂ ਗੁਲਾਬੀ ਰੰਗ ਵਿਚ ਰੰਗਦੇ ਰਹੇ

ਤੈਨੂੰ ਭੁੱਲਣ ਵਾਸਤੇ ਮੈਂ ਭਟਕਿਆ ਹਾਂ ਥਾਂ-ਕੁਥਾਂ
ਥਾਂ-ਕੁਥਾਂ ਪੈਂਦੇ ਭੁਲੇਖੇ ਤੇਰੇ ਅੰਗ-ਅੰਗ ਦੇ ਰਹੇ

■

(ਪੰਜਾਬ, ਇੰਡੀਆ)

# ਗ਼ਜ਼ਲ-2

ਅੱਧੀ ਰਾਤ ਪਹਿਰ ਦੇ ਤੜਕੇ
ਅੱਖਾਂ ਵਿਚ ਉਨੀਂਦਾ ਰੜਕੇ

ਆਪਣਾ ਕਮਰਾ ਝਾੜਨ ਲਗਦਾਂ
ਦੂਰ ਕਿਤੇ ਜਦ ਕੁੰਡਾ ਖੜਕੇ

ਤੇਰੀ ਧੂੜ ਵੀ ਸੁਰਮੇ ਵਰਗੀ
ਸੱਜਣਾ ਦੇ ਪਿੰਡ ਜਾਂਦੀ ਸੜਕੇ

ਸਿਖਰ ਦੁਪਹਿਰੇ ਕਲ੍ਹ ਇਕ ਰਾਹੀ
ਡਿੱਗਾ ਆਪਣੀ ਛਾਂ ਵਿਚ ਅੜ ਕੇ

ਸਿੱਕ ਨਾ ਜਾਗੇ ਫੇਰ ਮਿਲਣ ਦੀ
ਆ ਏਦਾਂ ਵਿਛੜੀਏ ਲੜ ਕੇ

ਅੱਜ ਕਿਉਂ ਚੁੱਪ ਉਦਾਸ ਨੇ ਬੱਦਲ
ਬਿਜਲੀ ਨੂੰ ਹੀ ਆਖੋ ਕੜ ਕੇ

ਬੁਝਿਆ ਭਾਂਬੜ ਅਜੇ ਵੀ ਦਿਲ ਵਿਚ
ਕਦੀ ਕਦੀ ਚੰਗਿਆੜਾ ਭੜਕੇ

ਲੋ ਹੀ ਲੋ ਸੀ ਸੇਕ ਨਹੀਂ ਸੀ
ਦੇਖ ਲਿਆ ਮੈਂ ਜੁਗਨੂੰ ਫੜਕੇ

ਜੋ ਗੱਲ ਤੈਥੋਂ ਕਹਿ ਨਾ ਹੋਈ
ਉਹ ਮੇਰੇ ਵੀ ਦਿਲ ਵਿਚ ਰੜਕੇ

ਆਪਣੇ ਘਰ ਵਿਚ ਕੈਦ ਨੇ ਲੋਕੀ
ਦਿਨ ਕੱਟਦੇ ਜੋ ਅੰਦਰ ਵੜਕੇ

ਜਾਨ ਰਹੀ ਨਾ ਤੇਰੇ ਬਾਝੋਂ
ਨਬਜ਼ ਤਾਂ ਚੱਲੇ ਦਿਲ ਵੀ ਧੜਕੇ

■

**(ਪੰਜਾਬ, ਇੰਡੀਆ)**

# ਸੁਹਿੰਦਰ ਬੀਰ

# ਗ਼ਜ਼ਲ



ਟਾਹਣੀਆਂ ਨਾਲੋਂ ਟੁੱਟੇ ਹੋਏ ਫੁੱਲ ਕਦੇ ਨਾ ਜੁੜਦੇ
ਲੰਮਿਆਂ ਪੈਂਡਿਆਂ ਵਾਲੇ ਰਾਹੀ ਰੱਬ-ਸਬੱਬੀ ਮੁੜਦੇ

ਪੂਰਬ ਦੀ ਰਹਿਤਲ ਦੇ ਵਿਚ ਸੀ ਜੋ ਮਰਿਯਾਦਾ-ਪਾਲਕ
ਪੱਛਮ ਦੀ ਖੁਲ੍ਹ-ਡੁਲ੍ਹ ਵਿਚ ਵੇਖੇ ਖੰਭ ਉਹਨਾਂ ਦੇ ਉੜਦੇ

ਜਦ ਹੈ ਕੋਮਲ ਹਿਰਦੇ ਵਾਲਾ ਦਿਲ ਦੀ ਵੇਦਨ ਸੁਣਦਾ
ਬਚ ਜਾਂਦੇ ਨੇ ਦੁੱਖ ਦੇ ਵਹਿਣਾਂ ਦੇ ਵਿਚ ਰੁੜ੍ਹਦੇ-ਰੁੜ੍ਹਦੇ

ਅੱਜ ਕੱਲ ਦੇ ਉਸਤਾਦਾਂ ਨੇ ਹੈ ਐਸਾ ਸਬਕ ਪੜਾਇਆ
ਸਾਰੀ ਉਮਰ ਵਿਸ਼ੇਸ਼ੱਗਤਾਂ ਤੋਂ ਖੋਜੀ ਵੇਖੇ ਥੁੜ੍ਹਦੇ

ਰੁੱਖਾਂ ਹੇਠਾਂ ਰੁੱਖ ਨਾ ਪਨਪਣ ਕਹਿੰਦੇ ਲੋਕ ਸਿਆਣੇ
ਮਨ ਤੇ ਬੁੱਧੀ ਛਾਪ ਲਗਾਉਂਦੇ ਜਦ ਸ਼ੂਨਯ ਵਿਚ ਜੁੜਦੇ

ਮਹਿਲਾਂ ਦੇ ਵਿਚ ਜਨਮਣ ਜਿਹੜੇ ਕਰਦੇ ਕਾਰ ਨਾ ਹੱਥੀਂ
ਟੀਸੀ ਉੱਤੇ ਪੁੱਜਦੇ ਵੇਖੇ ਜੋ ਦੁੱਖਾਂ ਵਿੱਚ ਪੁੜ੍ਹਦੇ

■

**(ਯੂ.ਐਸ.ਏ.)**

# ਸਿਮਰਤ ਸੁਮੈਰਾ

# ਗ਼ਜ਼ਲ



ਕਦੇ ਮਿੱਟੀ ਦੀ ਕੁਰਬਾਨੀ ਕਿਆਮਤ ਲੈ ਕੇ ਆਵੇਗੀ
ਸਮੇਂ ਦੀ ਇਹ ਪਸ਼ੇਮਾਨੀ ਕਿਆਮਤ ਲੈ ਕੇ ਆਵੇਗੀ

ਘਣੇ ਬੱਦਲ ਹਾਂ, ਲਿਸ਼ਕਾਂਗੇ, ਗਿਰਾਂਗੇ ਬਿਜਲੀਆਂ ਬਣਕੇ
ਅਸਾਡੀ ਸੋਚ ਅਸਮਾਨੀ ਕਿਆਮਤ ਲੈ ਕੇ ਆਵੇਗੀ

ਸਮੁੰਦਰ ਨੇ ਦਬਾਇਆ ਸੀ ਚਿਰਾਂ ਤੋਂ ਸ਼ੋਰ ਸੀਨੇ ਵਿੱਚ
ਇਹ ਉਠਦੀ ਲਹਿਰ ਤੂਫ਼ਾਨੀ ਕਿਆਮਤ ਲੈ ਕੇ ਆਵੇਗੀ

ਇਹ ਕਾਲਾ ਦੌਰ ਹੈ, ਇਤਿਹਾਸ ਦਾ ਕਾਲਾ ਹੈ ਹਰ ਪੰਨਾ
ਸਿਆਸਤ ਲੁੱਟ ਬਈਮਾਨੀ ਕਿਆਮਤ ਲੈ ਕੇ ਆਵੇਗੀ

ਹਰਿਕ ਦਾਣੇ 'ਚੋਂ, ਚਮਕੇਗਾ ਕਰਾਂਤੀ ਦਾ ਲਹੂ ਆਖ਼ਿਰ
ਮੁਸ਼ੱਕਤ ਦੀ ਤਰਜਮਾਨੀ ਕਿਆਮਤ ਲੈ ਕੇ ਆਵੇਗੀ


ਅਸੀਂ ਜਾਬਰ ਹਕੂਮਤ ਦੀ ਹੁਕਮਰਾਨੀ ਤੋਂ ਨਾਬਰ ਹਾਂ
ਸੁਮੈਰਾ ਜੰਗ ਕਿਰਸਾਨੀ ਕਿਆਮਤ ਲੈ ਕੇ ਆਵੇਗੀ

■

(Dr. Simrat Sumera
40E Greater Kailash
Block A, Batala
Dist. Gurdaspur-143505, Pb.
India
Tel. 9855004485)

ਸੁਸ਼ੀਲ ਦੁਸਾਂਝ

# ਗ਼ਜ਼ਲ-1



ਮੈਂ ਹੀ ਦਰਿਆ, ਮੈਂ ਹੀ ਕਿਸ਼ਤੀ, ਮੇਰੇ ਵਿੱਚ ਪਤਵਾਰ ਰਵ੍ਹੇ
ਪਾਣੀ ਵਿੱਚ ਰਹਿ ਕੇ ਵੀ ਮੇਰਾ ਪਾਣੀਆਂ ਸੰਗ ਤਕਰਾਰ ਰਵ੍ਹੇ

ਜਿੱਥੇ ਮੋਹ ਦੀਆਂ ਤੰਦਾਂ ਹੋਵਣ ਉਸ ਘਰ ਵਿੱਚ ਪਰਵਾਰ ਰਵ੍ਹੇ
ਉੱਥੇ ਰਹਿਣ ਵਿਕਾਊ ਰਿਸ਼ਤੇ, ਜਿਸ ਘਰ ਵਿੱਚ ਬਾਜ਼ਾਰ ਰਵ੍ਹੇ

ਦੁਬਿਧਾ ਦੇ ਜੰਗਲ 'ਚੋਂ ਨਿਕਲ, ਰੁੱਤ ਬਦਲਣ ਵਿੱਚ ਰੱਖ ਯਕੀਨ
ਪੱਤਝੜ ਵਿੱਚ ਵੀ ਕਈ ਰੁੱਖਾਂ ਦੀਆਂ ਅੱਖਾਂ ਵਿੱਚ ਬਹਾਰ ਰਵ੍ਹੇ

ਹਾੜ੍ਹੀ-ਸਾਉਣੀ ਹੀ ਨਹੀਂ ਹੁਣ ਤਾਂ ਹਰ ਪਲ ਮਿਹਨਤ ਲੁੱਟ ਹੁੰਦੀ
ਖੇਤਾਂ ਅੰਦਰ ਹਰ ਪਲ ਆਫ਼ਤ ਹਰ ਮੌਸਮ ਦੀ ਮਾਰ ਰਵ੍ਹੇ

ਭੁੱਖ ਕੀ ਹੁੰਦੀ ਉਹ ਕੀ ਜਾਨਣ ਸੰਗਤ ਰੁਲਦੀ ਦਰਬਾਰੀਂ
ਫ਼ਰਕ ਕੀ ਪੈਂਦੇ ਖਾਨ ਹੈ ਰਾਜਾ ਜਾਂ ਕੋਈ ਸਰਦਾਰ ਰਵ੍ਹੇ

ਮੰਮਟੀਆਂ 'ਤੇ ਦੀਵੇ ਧਰੀਏ, ਚੱਲ ਅਰਘ ਚੜ੍ਹਾਈਏ ਹਰਫ਼ਾਂ ਨੂੰ
ਅੱਖਾਂ ਵਿੱਚ ਸਜਾਈਏ ਮੰਜ਼ਲ, ਪੈਰਾਂ ਵਿੱਚ ਰਫ਼ਤਾਰ ਰਵ੍ਹੇ

■

(Sushil Dosanjh
102, 2nd Floor, Mona Paradise
Shivalik City, Sector 127
Greater Mohali-140301
Distt. SAS Nagar, Pb.
India)

# ਗ਼ਜ਼ਲ-2

ਮੈਂ ਕੈਸਾ ਪਿੰਡ ਹਾਂ ਕਾਲਖ਼ ਜੋ ਮੈਨੂੰ ਨਿਗਲਦੀ ਜਾਂਦੀ
ਮੇਰੇ 'ਚੋਂ ਦੀਵਿਆਂ ਜੋਗੀ ਵੀ ਮਿੱਟੀ ਮੁੱਕਦੀ ਜਾਂਦੀ

ਉਦਾਸੀ ਮੇਰੀਆਂ ਜੂਹਾਂ ਦੇ ਅੰਦਰ ਪਸਰਦੀ ਜਾਂਦੀ
ਕਿਵੇਂ ਸਲਫ਼ਾਸ ਖੇਤਾਂ ਬੰਨ੍ਹਿਆਂ ਤੇ ਮੌਲਦੀ ਜਾਂਦੀ

ਕਈ ਵਾਰੀ ਦੁਪਹਿਰਾਂ ਨੂੰ ਇਹ ਥਲ ਇਉਂ ਬੜਬੜਾਉਂਦਾ ਹੈ
ਉਹ ਕਿੱਥੇ ਹੈ ਨਦੀ ਕਲ ਤੀਕ ਸੀ ਜੋ ਮਚਲਦੀ ਜਾਂਦੀ

ਉਹ ਮੈਨੂੰ ਦੇ ਗਿਆ ਹੈ ਇਤਰ ਭਿੱਜੇ ਫੁੱਲ ਕਾਗ਼ਜ਼ ਦੇ
ਇਨ੍ਹਾਂ ਦੀ ਮਹਿਕ ਅੱਖ ਦੇ ਫੋਰ ਵਿਚ ਹੀ ਮੁੱਕਦੀ ਜਾਂਦੀ

ਉਹ ਸੂਰਜ ਬਹੁਤ ਹੀ ਸ਼ਰਮਿੰਦਾ ਹੋ ਕੇ ਸੋਚਦੈ ਅੱਜਕੱਲ੍ਹ
ਇਹ ਕੈਸੀ ਬਰਫ਼ ਹੈ ਜੋ ਅਪਣੀ ਅੱਗ ਵਿਚ ਪਿਘਲਦੀ ਜਾਂਦੀ


ਮੈਂ ਸੁਣਿਆ ਹੈ ਕਿ ਜਿੱਥੇ ਮੈਂ ਹਾਂ ਇਥੇ ਇਕ ਦਰਿਆ ਸੀ
ਤਦੇ ਤਾਂ ਰੇਤੇ ਵਿਚ ਵੀ ਪਿਆਸ ਮੇਰੀ ਮਚਲਦੀ ਜਾਂਦੀ

ਤੁਸੀਂ ਗਿਣਦੇ ਬੁਝੇ ਦੀਵੇ ਅਸੀਂ ਗਿਣਦੇ ਹਾਂ ਲਾਟਾਂ ਹੀ
ਸਿਰਾਂ ਹੀਣੀ ਤੁਹਾਡੀ ਭੀੜ ਪਲ-ਪਲ ਫੈਲਦੀ ਜਾਂਦੀ

ਕਿਹਾ ਸੀ ਸ਼ੀਲ ਉਸਨੂੰ ਨਾ ਉਗਾ ਪਤਝੜ 'ਚ ਗੁਲਦਾਉਦੀ
ਕਿ ਪੱਤੀਆਂ ਨਾਲ ਹੁਣ ਉਹ ਆਪ ਵੀ ਹੈ ਬਿਖਰਦੀ ਜਾਂਦੀ

■

# ਸਿਰੀ ਰਾਮ ਅਰਸ਼



# ਗ਼ਜ਼ਲ

ਉਹਨਾਂ ਨੇ 'ਰੌਣ' ਦੀ ਲੰਕਾ ਨੂੰ ਜਦ ਲਾਂਬੂ ਲਗਾ ਛੱਡਿਆ
ਤਦੋਂ 'ਸੀਤਾ' ਲਈ ਅਗਨੀ ਦੇ ਕੁੰਡਾਂ ਨੂੰ ਭਖਾ ਛੱਡਿਆ

ਵਤਨ ਦੇ ਨਾਗਰਿਕ ਬਣਨੇ ਦੀ ਹਸਰਤ ਸੀ ਦਿਲਾਂ ਅੰਦਰ
ਮਗਰ ਪਹਿਲਾਂ ਰਿਆਇਆ ਫਿਰ ਤੁਸੀਂ ਵੋਟਰ ਬਣਾ ਛੱਡਿਆ

ਫਰਿਸ਼ਤੇ ਤੁਰ ਗਏ ਕਿੱਥੇ, ਜਿਨ੍ਹਾਂ ਨੇ ਇਲਮ ਵੰਡਿਆ ਸੀ
ਤੁਸੀਂ ਤਾਂ ਦੇਸ਼ ਧਰੋਹ ਦਾ ਇਲਮ ਸਿਰ ਇਲਜ਼ਾਮ ਲਾ ਛੱਡਿਆ

ਨਾ ਹੋਵੇ ਬਾਂਸ ਤਾਂ ਵੱਜੇਗੀ ਕੀਕਣ ਬੰਸਰੀ ਦੱਸੋ
ਘਿਨਾਉਣੀ ਸੋਚ ਨੇ ਬਾਂਸਾਂ ਦੇ ਜੰਗਲ ਨੂੰ ਜਲਾ ਛੱਡਿਆ

ਮਧੁਰ ਸੰਗੀਤ ਹਰਦਮ ਝਾਂਜਰਾਂ ਵਿੱਚ ਲੁਪਤ ਵਸਦਾ ਹੈ
ਜਿਨ੍ਹੇ ਛੇਕੀ ਹੋਈ ਸਰਗਮ 'ਚ ਫਿਰ ਨਗ਼ਮਾ ਜਗਾ ਛੱਡਿਆ

ਨਹੀਂ ਹਨ ਦੇਵਤੇ ਉਹ ਤਾਂ ਸਪੁੱਤਰ ਹਨ ਸ਼ਹੀਦਾਂ ਦੇ
ਉਨ੍ਹਾਂ ਨੂੰ ਕਿਉਂ ਤੁਸੀਂ ਪ੍ਰਸਾਦ ਦੇ ਜਾਚਕ ਬਣਾ ਛੱਡਿਆ

ਉਦ੍ਹੇ ਵਿੱਚ ਕੀ ਹੈ ਲਿਖਿਆ ਕੁਝ ਨਹੀਂ ਦੱਸਿਆ ਕਿਸੇ ਮੈਨੂੰ
'ਮੀਆਂ ਮਿੱਠੂ' ਸਮਝ ਕੇ ਨਾਮ ਪੁਸਤਕ ਦਾ ਰਟਾ ਛੱਡਿਆ

ਅਭਾਗੇ 'ਅਰਸ਼' ਨੂੰ ਇਨਸਾਫ਼ ਦੀ ਨਾ ਰੌਸ਼ਨੀ ਲੱਭੇ
ਉਨ੍ਹਾਂ ਨੇ ਇਸ ਲਈ ਜਗਦਾ ਹੋਇਆ ਦੀਵਾ ਬੁਝਾ ਛੱਡਿਆ

■

**(ਇੰਡੀਆ)**

## ਸਾਇਮਾ ਅਲਮਾਸ ਮਸਰੂਰ



# ਗ਼ਜ਼ਲ–1

ਅਕਸਰ ਧੋਖਾ ਦੇ ਜਾਂਦੇ ਨੇ ਜਾਣੇ ਵੇਖੇ ਜਾਚੇ ਲੋਕ
ਸਾਨੂੰ ਆ ਕੇ ਰਾਹਵਾਂ ਦਸਣ ਆਪਣੇ ਘਰੋਂ ਗਵਾਚੇ ਲੋਕ

ਮਾੜੇ ਦੀ ਸ਼ਹਿਕਾਰੀ ਨੂੰ ਤੇ ਦਾਦ ਨਾ ਕੋਈ ਦੇਂਦਾ ਪਰ
ਦੌਲਤ ਮੰਦ ਦੀਆਂ ਚਵਲਾਂ ਉਤੇ ਲਿਖਣ ਕਈ ਦੀਬਾਚੇ ਲੋਕ

ਕਲਚਰ ਨੂੰ ਸੰਨ੍ਹਾਂ ਲੱਗੀਆਂ ਬੋਰਡ ਕੱਲਮ ਕਾਰਾ ਏ
ਕੁੱਲੇ, ਪੱਗਾਂ, ਪਰਨੇ, ਖੇੜੀ, ਭੁੱਲੇ ਟਾਸੇ ਲਾਚੇ ਲੋਕ

ਆਪੋ ਧਾਪੀ, ਮਾਰਾ ਮਾਰੀ, ਸਭ ਪਛਾਣਾਂ ਖਾ ਗਈ ਏ
ਹੁਣ ਬਿਗਾਨੇ ਤੇ ਨਹੀਂ ਮਾਮੇ, ਨਾ ਹੋਂਦੇ ਨੇ ਚਾਚੇ ਲੋਕ

ਜਣੇ ਖਣੇ ਤੇ ਗਭਰੂ ਸਾਡੀ ਧਰਤੀ ਦਾ ਨੇ ਮਾਣ ਤਰਾਨ
ਜ਼ਰਾ ਜਹੇ ਨੀ ਦਿਲ ਨੂੰ ਲਗਦੇ, ਨਖਰੇ ਪਿੱਟੇ ਨਾਚੇ ਲੋਕ

ਹੀਰ ਪੜ੍ਹਨ ਦੀ ਰੀਤ ਵੀ ਪੈਰੋ ਪੈਰੀਂ ਵਿਸਰੀ ਜਾਂਦੀ ਏ
ਹੁਣ ਨਹੀਂ ਬਹਿੰਦੇ ਪਿਪਲਾਂ ਬੋਹੜਾਂ ਥੱਲੇ ਡਾਹ ਕੇ ਮਾਚੇ ਲੋਕ

ਦੱਸ ਹੁਣ ਸਾਇਮਾ ਕੀ ਕਰਾਂ ਮੈਂ ਅਫ਼ਲਾਤੂਨ ਅਖਵਾਂਦੇ ਨੇ
ਡੌਰੇ ਭੌਰੇ, ਨਿਮੋ ਝੂਣੇ, ਅਕਲੋਂ ਬਾਝ ਖੜਾਚੇ ਲੋਕ

■

**(ਲਾਹੌਰ, ਪਾਕਿਸਤਾਨ)**

# ਗ਼ਜ਼ਲ-2

ਚੁੰਨੀ ਦਾ ਮੈਂ ਜਾਲ ਬਣਾ ਕੇ ਵੇਖ ਲਿਆ ਏ
ਉਹਦੇ ਸੌ ਸੌ ਤਰਲੇ ਪਾ ਕੇ ਵੇਖ ਲਿਆ ਏ

ਉਹਦੀ ਕੰਡ ਸੀ ਨਾਲੇ ਹਾਸੇ ਡੁਲ੍ਹਦੇ ਸਨ
ਮੈਂ ਵੀ ਕੱਚੇ ਘੜੇ ਤੇ ਜਾ ਕੇ ਵੇਖ ਲਿਆ ਏ

ਜਿੰਨ, ਚੁੜੇਲ ਤੇ ਭੂਤ ਡਰਾਮਾ ਕਰ ਕੇ ਮੈਂ
ਰੌਲਾ ਪਾ ਕੇ, ਚੰਮ ਲੁਹਾ ਕੇ ਵੇਖ ਲਿਆ ਏ

ਪੋਹ ਦੇ ਚੰਨ ਨੂੰ ਤੱਕਣਾ ਸੌਖਾ ਕੰਮ ਤੇ ਨਹੀਂ
ਖੁੱਲ੍ਹੇ ਘਰ ਦੀ ਛੱਤ ਤੇ ਜਾ ਕੇ ਵੇਖ ਲਿਆ ਏ

ਲੀਕੋਂ ਲੀਕੀ ਮੱਥਾ ਖੱਪਾਂ ਪਾ ਦਿੰਦਾ ਏ
ਚੁੱਪ ਦੇ ਅੰਦਰ ਭੇਦ ਲੁਕਾ ਕੇ ਵੇਖ ਲਿਆ ਏ

ਉੱਚੀ ਬੋਲਾਂ ਲੋਕੀਂ ਪਾਗਲ ਕਹਿੰਦੇ ਨੇ
ਧੜਕਣ ਨੂੰ ਆਵਾਜ਼ ਬਣਾ ਕੇ ਵੇਖ ਲਿਆ ਏ

ਮੇਰੇ ਤੇ ਅਲਮਾਸ ਬਸ਼ਾਰਤ ਉਤਰੇਗੀ
ਅੱਖਾਂ ਦੇ ਵਿੱਚ ਯਾਰ ਵਸਾ ਕੇ ਵੇਖ ਲਿਆ ਏ

■

**(ਲਾਹੌਰ, ਪਾਕਿਸਤਾਨ)**

# ਸੁਰਿੰਦਰਪ੍ਰੀਤ ਘਣੀਆਂ



# ਗ਼ਜ਼ਲ

ਪੰਜਾਬੀ ਮਾਤਾ ਕਿੰਨੀ ਕਰਮਾਂ ਵਾਲੀ ਹੋ ਗਈ ਹੈ
ਕਿ ਰਾਂਝੇ ਪੁੱਤਾਂ ਦੀ ਵੰਝਲੀ ਦੁਨਾਲੀ ਹੋ ਗਈ ਹੈ

ਜਿਵੇਂ ਇੱਕ ਦੂਸਰੇ ਤੋਂ ਪਹਿਲਾਂ ਹੋਵੇ ਖੂਹ 'ਚ ਡਿੱਗਣਾ
ਅਜੋਕੇ ਆਦਮੀ ਨੂੰ ਕਿੰਨੀ ਕਾਹਲੀ ਹੋ ਗਈ ਹੈ

ਲਵੇ ਹੁਣ ਬੀਜ ਇਹ ਅੱਖ਼ਰ ਹਵਾ ਦੇ ਵਰਕਿਆਂ 'ਤੇ
ਮੇਰੀ ਹੁਣ ਕਲਮ ਵੀ ਇੱਕ ਸੁੱਘੜ ਹਾਲ਼ੀ ਹੋ ਗਈ ਹੈ

ਪਵੇਗਾ ਦੇਣਾ ਹੁਣ ਬਲਿਦਾਨ ਸੈਆਂ ਸੂਰਜਾਂ ਨੂੰ
ਕੁਲਹਿਣੀ ਰਾਤ ਕਾਲ਼ੀ, ਹੋਰ ਕਾਲ਼ੀ ਹੋ ਗਈ ਹੈ

ਮੁਹੱਬਤੇ! ਮੇਰੀਏ ਕਿੱਦਾਂ ਰਲਾਂ ਮੈਂ ਨਾਲ ਤੇਰੇ
ਕਿ ਵਧ ਕੇ ਚੋਰਾਂ ਤੋਂ ਵੀ ਤੈਨੂੰ ਕਾਲ੍ਹੀ ਹੋ ਗਈ

ਉਧਰ ਸਰਹੱਦ 'ਤੇ ਦੀਵੇ ਘਰਾਂ ਦੇ ਗੁਲ ਹੋ ਗਏ
ਹਕੂਮਤ ਵਾਸਤੇ ਏਧਰ ਦਿਵਾਲੀ ਹੋ ਗਈ ਹੈ

ਥਲਾਂ ਵਿਚ ਕੌਣ ਭਟਕੇ, ਕੌਣ ਜਾਵੇ ਬੇਲਿਆਂ ਵਿੱਚ
ਮੁਹੱਬਤ ਫ਼ੋਨ 'ਤੇ ਹੀ ਜਦ ਸੁਖ਼ਾਲੀ ਹੋ ਗਈ ਹੈ

■

(Surinderpreet Ghania
#20298-A Gali No. 15
100 Footi Sarak
Guru Tegh Bahadar Nagar
Bathinda-151001, Pb., India
Tel. 91-981-408-6961)

# ਸੁਰਜੀਤ ਜੱਜ

# ਗ਼ਜ਼ਲ



ਫੁੱਲਾਂ ਦੀ ਥਾਂ ਪੱਥਰ ਪੂਜੋ, ਕੁਦਰਤ ਨੇ ਕੁਰਲਾਉਣਾ ਹੀ ਸੀ
ਏਨੇ ਹੰਝੂ ਵਹਿ ਚੁੱਕੇ ਸਨ, ਪਰਲੋ ਨੇ ਤਾਂ ਆਉਣਾ ਹੀ ਸੀ

ਆਪਣੀ ਮਾਇਆ ਦੀ ਵਲਗਣ ਵਿੱਚ ਕ਼ੈਦ ਜਿਨ੍ਹਾਂ ਨੂੰ ਕਰ ਬੈਠੇ ਸੋ
ਇਕ ਨਾ ਇੱਕ ਦਿਨ ਉਨ੍ਹਾਂ ਨਦੀਆਂ, ਖ਼ੁਦ ਨੂੰ ਮੁਕਤ ਕਰਾਉਣਾ ਹੀ ਸੀ

ਚੱਪਾ-ਚੱਪਾ ਹਿੱਕ ਧਰਤੀ ਦੀ ਸਾਡੀ ਹਵਸ ਨੇ ਲੂਹ ਦਿੱਤੀ ਸੀ
ਉਹਦਾ ਤਪਦਾ ਤਨ ਠਾਰਨ ਨੂੰ, ਸਾਗਰ ਨੇ ਤਾਂ ਆਉਣਾ ਹੀ ਸੀ

ਏਨਾ ਬੋਝ ਕਿ ਜਿਸ ਤੋਂ ਤ੍ਰਹਿ ਕੇ ਬੌਲ ਖੁਦਕਸ਼ੀ ਕਰ ਚੁੱਕਾ ਸੀ
ਥੱਕ ਹਾਰ ਕੇ ਮਾਂ ਮਿੱਟੀ ਨੇ ਪਾਸਾ ਤਾਂ ਪਰਤਾਉਣਾ ਹੀ ਸੀ

ਜੀਹਦੇ ਚੀਰ ਹਰਨ ਦੀ ਲੀਲ੍ਹਾ, ਆਪਾਂ ਹੁੱਬ ਹੁੱਬ ਵੇਖ ਰਹੇ ਸਾਂ
ਕੁਦਰਤ ਪੰਚਾਲੀ ਨੇ ਆਪਣਾ, ਨੰਗਾ ਸੱਚ ਵਿਖਾਉਣਾ ਹੀ ਸੀ

ਸਿੱਪੀਆਂ ਵਿੱਚ ਸਮੁੰਦਰ ਭਰ ਕੇ ਜੋ ਜੇਬਾਂ ਵਿੱਚ ਪਾਈ ਫਿਰਦੇ
ਸੋਕੇ-ਡੋਬੇ ਨਾਲ ਉਨ੍ਹਾਂ ਨੇ, ਮੱਛੀਆਂ ਨੂੰ ਤੜਫਾਉਣਾ ਹੀ ਸੀ

ਤੂੰ ਸ਼ੀਸ਼ੇ ਦੇ ਮੂਹਰੇ ਲੈ ਕੇ, ਪੱਥਰਾਂ ਨਾਲ ਬਾਜੀਆਂ ਖੇਡੇਂ
ਆਖਰ ਕਦੇ ਤਾਂ ਉਹਨਾਂ ਨੇ ਵੀ ਆਪਣਾ ਹੁਨਰ ਵਿਖਾਉਣਾ ਹੀ ਸੀ

ਜਦ ਤਕ ਹਰ ਪਰਲੋ ਤੋਂ ਵੱਡੀ ਜੀਣ ਕਦੀ 'ਸੁਰਜੀਤ' ਨਾ ਹੁੰਦੀ
ਤੇਰੇ ਖ਼ਤ ਦਾ ਅੱਖਰ-ਅੱਖਰ, ਮੈਂ ਮੁੜ-ਮੁੜ ਦੁਹਰਾਉਣਾ ਹੀ ਸੀ

■

**(ਪੰਜਾਬ, ਇੰਡੀਆ)**

## ਸੁਰਿੰਦਰ ਗੀਤ

# ਗ਼ਜ਼ਲ



ਹਵਾ ਨੂੰ ਗੱਲ ਨਾ ਆਈ ਹਵਾ ਤੋਂ ਮੈਂ ਜਦੋਂ ਪੁੱਛਿਆ
ਕਿ ਕਿਹੜੀ ਗੱਲ ਤੋਂ ਰੁੱਖਾਂ ਤੋਂ ਹਰ ਇਕ ਆਲ੍ਹਣਾ ਡਿੱਗਿਆ

ਉਹ ਪੰਛੀ ਮੁਸਕਰਾਏ ਤੇ ਬੁਲੰਦ ਕਰ ਹੌਸਲਾ ਬੋਲੇ
ਅਸੀਂ ਨਾ ਅੱਜ ਹਾਰੇ ਹਾਂ ਤੇ ਨਾ ਹੀ ਹਾਰਨਾ ਸਿੱਖਿਆ

ਸੁਣਾ ਮੈਨੂੰ ਕਹਾਣੀ ਆਪਣੇ ਦੁੱਖਾਂ ਅਜਾਬਾਂ ਦੀ
ਘਰੌਂਦਾ ਫਿਰ ਬਨਾਉਣਾ ਹੈ ਉਹ ਤੀਲਾ ਲੈਣ ਸੀ ਉੱਡਿਆ

ਸਿਆਸਤ ਦੇ ਡਰਾਵੇ ਹੁਣ ਇਰਾਦੇ ਬਦਲ ਨੀ ਸਕਦੇ
ਜਿੰਨ੍ਹਾਂ ਨੇ ਸੱਚ ਲਈ ਮਰਨਾ ਤੇ ਹੱਕ ਲਈ ਜੂਝਣਾ ਮਿਥਿਆ

ਖੁਦਾ ਰੱਖੀਂ ਸਲਾਮਤ ਤੂੰ ਕਿਸਾਨਾਂ ਤੇ ਜਵਾਨਾਂ ਨੂੰ
ਉਗਾਉਂਦਾ ਅੰਨ ਜੇ ਬਾਪੂ ਤਾਂ ਪੁੱਤ ਸਰਹੱਦ ਤੇ ਡਟਿਆ

■

**(ਕੈਲਗਰੀ, ਕੈਨੇਡਾ)**

# ਸਾਥੀ ਲੁਧਿਆਣਵੀ

# ਗ਼ਜ਼ਲ



ਉਸ ਦਾ ਦਰਦ ਅੱਥਰੂ ਬਣ ਕੇ ਅੱਖ਼ 'ਚੋਂ ਕਿਰ ਗਿਆ ਹੋਣਾ
ਉਸ ਦਾ ਆਹਲਣਾ ਜਦ ਤਿਨਕਾ ਤਿਨਕਾ ਬਿਖ਼ਰਿਆ ਹੋਣਾ

ਹੁਣ ਇਹ ਸ਼ਾਂਤ ਦਿਸਦਾ ਹੈ, ਲਹਿਰਾਂ 'ਚ ਵੀ ਨਹੀਂ ਹਲਚਲ
ਤੂਫ਼ਾਨਾਂ ਦੇ ਸਮੇਂ ਸਾਗ਼ਰ ਇਹ ਕਿੰਨਾ ਤੜਪਿਆ ਹੋਣਾ

ਪਿਆਸਾ ਸੀ, ਸਮੁੰਦਰ ਕੋਲ਼ ਤਾਂ ਉਹ ਅੱਪੜ ਚੁੱਕਿਆ ਸੀ
ਪਾਣੀ ਪੀ ਕੇ ਨਹੀਂ ਮਰਿਆ, ਪਿਆਸਾ ਮਰ ਗਿਆ ਹੋਣਾ

ਉਸ ਨੂੰ ਤਦੇ ਤਾਂ ਹੁਣ ਇਹ ਖ਼ਿਜ਼ਾਂ ਚੰਗੀ ਨਹੀਂ ਲਗਦੀ
ਉਸ ਦੇ ਬਾਗ਼ ਵਿਚ ਕੋਈ ਬੜਾ ਹੀ ਚਿਰ ਮਹਿਕਿਆ ਹੋਣਾ

ਸ਼ਿਕਾਰੀ ਦਾ ਨਿਸ਼ਾਨਾ ਲੱਗ ਗਿਆ ਹੋਣਾ ਨਿਸ਼ਾਨੇ ਤੇ
ਭੋਂ 'ਤੇ ਡਿੱਗ ਕੇ ਪੰਛੀ ਬੜਾ ਹੀ ਚਿਰ ਤੜਪਿਆ ਹੋਣਾ

ਉਸ ਦੇ ਪੈਰ ਪੱਥਰ ਹੋ ਗਏ ਹੋਣੇ ਨੇ ਦਰ ਅੰਦਰ
ਜਦ ਉਹ ਆਪਣੇ ਘਰ ਵਿਚ ਗ਼ੈਰ ਦੇ ਵਾਂਗਰ ਗਿਆ ਹੋਣਾ

ਬਹੁਤ ਛੋਟਾ ਸੀ, ਉਹ ਤਾਂ ਗੁੰਮ ਗਿਆ ਹੋਣਾ ਖ਼ਿਲਾਅ ਅੰਦਰ
ਜੁਗਨੂੰ ਵਿੱਤ ਮੁਤਾਬਕ ਰੌਸ਼ਨੀ ਤਾਂ ਕਰ ਗਿਆ ਹੋਣਾ

ਪਰਬਤ ਤੋਂ ਵੀ ਉੱਚਾ ਸੀ, ਸਮੁੰਦਰ ਤੋਂ ਵੀ ਗ਼ਹਿਰਾ ਸੀ
ਉਹ ਸ਼ਖ਼ਸ ਛਾ ਗਿਆ ਹੋਣਾ, ਜਿਧਰ ਗਿਆ ਹੋਣਾ

ਉਸ ਦਾ ਅੰਗ ਅੰਗ ਤਾਂ ਬੜਾ ਹੀ ਨਸ਼ਿਆਅ ਗਿਆ ਹੋਣਾ
"ਸਾਥੀ" ਅਚਨਚੇਤੀ ਯਾਰ ਦੇ ਜਦ ਘਰ ਗਿਆ ਹੋਣਾ

■

**(ਯੂ.ਕੇ.)**

# ਸੁਲੱਖਣ ਸਰਹੱਦੀ



# ਗ਼ਜ਼ਲ

ਉਹ ਲੋਕੀਂ ਰੋਟੀ ਜਦ ਮੰਗਣ, ਦਵੇ ਦਾਰੂ ਪਿਲਾ, ਛਲੀਆ
ਬਿਨਾਂ ਕੁਝ ਬਦਲਿਆਂ ਹੀ ਬਦਲ ਜਾਂਦਾ ਹੈ ਵਰ੍ਹਾ, ਛਲੀਆ

ਮਹਾਂਭਾਰਤ ਕਦੇ ਬਣਦਾ, ਕਦੀ ਇਹ ਸੰਨ ਸੰਤਾਲੀ
ਭਰਾਵਾਂ ਨੂੰ ਭਰਾਵਾਂ ਤੋਂ ਦਵੇ ਮਰਵਾ ਬੜਾ ਛਲੀਆ

ਮਰੀਚਕ ਬਣਕੇ ਪਹਿਲਾਂ ਸੋਨੇ ਲਈ ਸੀਤਾ ਨੂੰ ਛਲਦਾ ਹੈ
ਤੇ ਰਾਵਣ ਬਣ ਕੇ ਫਿਰ ਸੀਤਾ ਨੂੰ ਲੈਂਦਾ ਹੈ ਉਠਾ ਛਲੀਆ

ਸਿਆਸਤ ਪਹਿਲਾਂ ਜੀਭਾਂ ਤੇ ਜ਼ਖ਼ਮ ਰੱਖ ਕੇ ਖਮੋਸ਼ੀ ਦੇ
ਤੇ ਮੁੜਕੇ ਲੋਕਾਂ ਲਈ ਗੀਤਾਂ ਦੀ ਕਰਦੀ ਹੈ ਦੁਆ, ਛਲੀਆ

ਮੇਰੇ ਕਮਰੇ ਦਾ ਦੀਵਾ ਵੀ ਇਹ ਕਹਿ ਕੇ ਲੈ ਗਿਆ ਨਾਰਦ
ਕਿ ਮੇਰੀ ਕਬਰ ਉੱਤੇ ਦੇਵੇਗਾ ਇਸ ਨੂੰ ਜਗਾ, ਛਲੀਆ

ਗਰੀਬਾਂ, ਚੇਤਨਾਂ ਦੇ ਮਾਰਿਆਂ ਲਈ ਸਾਰੇ ਧੋਖੇ ਹਨ
ਮਹੱਲਾਂ-ਕਲਸ਼ਾਂ ਦਾ ਚਾਕਰ ਹੈ ਕੁਲੀਆਂ ਲਈ ਖੁਦਾ, ਛਲੀਆ

ਬਣਾਉਂਦਾ ਜਨਤਾ ਦੇ ਡਰ ਤੋਂ ਕਿਲ੍ਹੇ ਫੌਜਾਂ ਤੇ ਮੀਜ਼ਾਈਲਾਂ
ਇਹ ਰਾਜਾ ਬਾਹਰੀ ਦੁਸ਼ਮਣ ਦਾ ਕਰੇ ਹਊਆ ਖੜਾ, ਛਲੀਆ

ਚੜੇ ਇਸ ਸਾਲ ਵੀ ਘੁਮਿਆਰਾ ਮੇਰੀ ਮਿੱਟੀ ਨਾ ਰੋਲੀਂ
ਨਹੀਂ ਜੇ ਦੀਪ ਬਣ ਸਕਦੇ, ਦਵੀਂ ਕੁਝ ਤਾਂ ਬਣਾ, ਛਲੀਆ

ਸਲੀਕਾ ਪਾਲ ਸਰਹੱਦੀ, ਕੈਲੰਡਰ ਬਦਲ ਸੁੱਟ ਤੂੰ ਵੀ
ਉਹ ਮੋਇਆ ਸਾਲ ਕੱਢ ਕੇ ਬਾਹਰ ਵਿਹੜੇ ਵਿਚ ਜਲਾ ਛਲੀਆ

■

**(ਪੰਜਾਬ, ਇੰਡੀਆ)**

# ਸੁਖਪਾਲ ਸੰਘੇੜਾ (ਡਾ.)



## ਗ਼ਜ਼ਲ

ਹਰ ਚਾਨਣ ਚੰਗਾ ਨਹੀਂ ਹੁੰਦਾ, ਨਾ ਹਰ ਬੁਰਾ ਹਨੇਰਾ
ਉਹੀਓ ਚੰਗਾ ਹੱਕ ਸੱਚ ਦੇ, ਹੱਕ ਵਿੱਚ ਭੁਗਤੇ ਜਿਹੜਾ

ਬੰਦ ਕਰੋ ਇਹ ਟੈਂਅ ਟੈਂਅ ਸ਼ਾਇਰੀ, ਜੋ ਸਦੀਆਂ ਤੋਂ ਗਾਉਂਦੇ
"ਹਰ ਬੁਰਾਈ ਨ੍ਹੇਰਾ ਜੰਮਦਾ, ਚਾਣਨ ਸਦਾ ਚੰਗੇਰਾ"

ਭੱਠ ਪਵੇ ਚਾਣਨ ਜੋ ਭਾਗੋ ਦੇ ਮਹਿਲ ਰੁਸ਼ਨਾਏ
ਪ੍ਰੇਮੀਆਂ ਤਾਈਂ ਮਿਲਾਵੇ ਨ੍ਹੇਰਾ, ਉਸ ਤੋਂ ਚੰਗਾ ਕਿਹੜਾ

ਹਰ ਕਿਸਮ ਦੇ ਨ੍ਹੇਰੇ ਕੋਲੋਂ, ਇੱਕੋ ਜਿਹਾ ਨਹੀਂ ਖ਼ਤਰਾ
ਸੱਭ ਤੋਂ ਖ਼ਤਰਨਾਕ ਹੈ ਹੁੰਦਾ, ਬੰਦ ਅੱਖਾਂ ਦਾ ਨ੍ਹੇਰਾ

ਇਸ ਨ੍ਹੇਰੇ 'ਚੇ ਡੁੱਬ ਬ੍ਰਹਿਮੰਡ, ਬੰਦੇ ਦਾ ਮਰ ਜਾਂਦਾ
ਜਿਸ ਦੀ ਲਾਸ਼ ਉਠਾਈ ਜਿੰਦਗੀ, ਗਾਹਵੇ ਪੰਧ ਲੰਮੇਰਾ

ਬੰਦ ਅੱਖਾਂ ਦਾ ਨ੍ਹੇਰਾ ਬੰਦਾ, ਹਿੜ੍ਹ ਹਿੜ੍ਹ ਕਰ ਜਰ ਜਾਂਦਾ
ਸਾਰਿਆਂ ਜੇਰਿਆਂ ਵਿੱਚੋਂ ਵੱਧ ਕੇ, ਖ਼ਤਰਨਾਕ ਇਹ ਜੇਰਾ

ਗਿਆਨ ਕਦੀ ਵੀ ਕਿਧਰੇ ਨਾਹੀਂ, 'ਠਾਹ ਸੋਟਾ' ਹੈ ਹੁੰਦਾ
ਉਹੀ ਪਾਵੇ, ਹਰ ਭਾਣੇ ਦੀ, ਕਰੇ ਚੀਰ-ਫ਼ਾੜ ਜਿਹੜਾ

ਨ੍ਹੇਰੇ ਦੀ ਅੱਖ ਸੱਭ ਕੁਛ ਵੇਖੇ, ਜੋ ਚਾਨਣ ਵਿੱਚ ਹੁੰਦਾ
ਚਾਨਣ ਦੀ ਅੱਖ ਹੋ ਜਏ ਅੰਨ੍ਹੀ, ਛਾਣਨ ਲੱਗੀ ਨ੍ਹੇਰਾ


ਐ ਦੁਨੀਆ ਦੇ ਸ਼ਾਇਰੋ ਗਾਇਕੋ, ਏਸ ਸੱਚ ਦੀ ਲੋਏ
ਦੱਸੋ ਕਿਹੜਾ ਵੱਧ ਗਿਆਨੀ, ਚਾਨਣ ਜਾਂ ਅੰਧੇਰਾ

ਸ਼ੁੱਧ ਚੰਗੇ ਤੇ ਸ਼ੁੱਧ ਬੁਰੇ ਦਾ, 'ਪਰਖਿਆ' ਕੂੜ੍ਹ ਫ਼ਲਸਫ਼ਾ
ਅਸ਼ੁੱਧੀ ਕੁੱਖੋਂ ਬ੍ਰਹਿਮੰਡ ਜੰਮਿਆ, ਜ਼ਿੰਦਗੀ ਪੰਧ ਲੰਬੇਰਾ

■

**(ਯੂ.ਐਸ.ਏ.)**

# ਹਰਿਭਜਨ ਸਿੰਘ (ਡਾ.)



## ਗ਼ਜ਼ਲ-1

ਸੌਂ ਜਾ ਮੇਰੇ ਮਾਲਕਾ ਵੇ ਵਰਤਿਆ ਹਨੇਰ
ਵੇ ਕਾਲਖਾਂ ਚ ਤਾਰਿਆਂ ਦੀ ਡੁੱਬ ਗਈ ਸਵੇਰ

ਵੇ ਪੱਸਰੀ ਜਹਾਨ ਉੱਤੇ ਮੌਤ ਦੀ ਹਵਾੜ
ਵੇ ਖਿੰਡ ਗਈਆਂ ਮਹਿਫਲਾਂ ਤੇ ਛਾ ਗਈ ਉਜਾੜ

ਹੈ ਖੂਹਾਂ ਵਿੱਚ ਆਦਮੀ ਦੀ ਜਾਗਦੀ ਸੜ੍ਹਾਂਦ
ਤੇ ਸੌਂ ਗਏ ਨੇ ਆਦਮੀ ਤੋਂ ਸੱਖਣੇ ਗਵਾਂਢ

ਵੇ ਸੀਤ ਨੇ ਮੁਆਤੇ ਤੇ ਗਸ਼ ਹੈ ਜ਼ਮੀਨ
ਵੇ ਸੀਨਿਆਂ ਵਿੱਚ ਸੁੰਨ ਦੋਵੇਂ ਖੂਨ ਤੇ ਸੰਗੀਨ

ਵੇ ਜ਼ਿੰਦਗੀ ਬੇਹੋਸ਼ ਤੇ ਖ਼ਾਮੋਸ਼ ਕਾਇਨਾਤ
ਵਿਹਲਾ ਹੋ ਕੇ ਸੌਂ ਗਿਆ ਐ ਲੋਹਾ ਇਸਪਾਤ

ਸੌਂ ਜਾ ਇੰਜ ਅੱਖੀਆਂ 'ਚੋਂ ਅੱਖੀਆਂ ਨਾ ਕੇਰ
ਸਿਤਾਰਿਆਂ ਦੀ ਸਦਾ ਨਹੀਂ ਡੁੱਬਣੀ ਸਵੇਰ

ਹਮੇਸ਼ ਨਹੀਂ ਮਨੁੱਖ ਤੇ ਕੁੱਦਣਾ ਜਨੂੰਨ
ਹਮੇਸ਼ ਨਹੀਂ ਡੁੱਲਣਾ ਜ਼ਮੀਨ ਉੱਤੇ ਖੂਨ

ਹਮੇਸ਼ ਨਾ ਵਰਾਨ ਹੋਣੀ ਅੱਜ ਵਾਂਗ ਰਾਤ
ਸੌਂ ਜਾ ਮੇਰੇ ਮਾਲਕਾ ਵਰਾਨ ਹੋਈ ਰਾਤ

■

**(ਦਿੱਲੀ, ਇੰਡੀਆ)**

# ਗ਼ਜ਼ਲ-2

ਪਰ੍ਹਾਂ ਨੂੰ ਬੰਨ ਕੇ ਪਰਬਤ ਬੇਬਸੀ ਦਾ
ਹਵਾਵਾਂ ਨੇ ਕਿਹਾ ਪੰਛੀ ਉਡ ਜਾ

ਕਿਸੇ ਸਾਗਰ ਦੀ ਹਿੱਕ ਚੁੰਮਣ ਤੋਂ ਪਹਿਲਾਂ
ਥਲਾਂ ਨੇ ਪੀ ਲਿਆ ਪਾਣੀ ਨਦੀ ਦਾ

ਤੇਰੇ ਖੁੱਲ੍ਹੇ ਹੋਏ ਦਰ ਦੀ ਸ਼ਰਮ ਸੀ
ਨਹੀਂ ਤਾਂ ਆਜ਼ਾਦ ਹੋ ਜਾਂਦਾ ਕਦੀ ਦਾ

ਜੇ ਫਰਸ਼ਾਂ ਨੂੰ ਨਹੀਂ ਹੈ ਅਰਸ਼ ਮਾਫ਼ਕ
ਇਦੇ ਵਿੱਚ ਦੋਸ਼ ਹੈ ਕੀ ਆਦਮੀ ਦਾ

ਮੇਰੀ ਨੇਕੀ 'ਚ ਤਾਂ ਕੁਝ ਦਮ ਨਹੀਂ ਹੈ
ਭਰੋਸਾ ਹੈ ਮੈਨੂੰ ਤੇਰੀ ਬਦੀ ਦਾ

ਸਮੁੰਦਰ ਹੁਸਨ ਦਾ ਤੂੰ ਜਾਣਦਾ ਹਾਂ
ਲੈ ਮੈਥੋਂ ਪਿਆਸ ਦਾ ਤੁਬਕਾ ਲਈ ਜਾ

ਜੋ ਕਰਨਾ ਈ ਜ਼ੁਲਮ ਕਰ ਲੈ ਹੁਣੇ ਈ
ਭਰੋਸਾ ਕੀ ਹੈ ਮੇਰੀ ਜ਼ਿੰਦਗੀ ਦਾ

ਤੇਰੇ ਬੁੱਲ੍ਹਾਂ ਨੂੰ ਮੈਂ ਚੁੰਮਦਾ ਨਹੀਂ ਹਾਂ
ਮੇਰੇ ਬੁੱਲ੍ਹਾਂ 'ਚ ਹੈ ਕਿਣਕਾ ਖੁਦੀ ਦਾ

■

# ਹਰਦਿਆਲ ਕੇਸ਼ੀ

## ਗ਼ਜ਼ਲ-1



ਤਮਾਸ਼ਾ ਆਪ ਨਾ ਜੇ ਬਾਦਸ਼ਾਹੀਆਂ ਕਰਦੀਆਂ ਯਾਰੋ
ਨਾ ਹੁੰਦੇ ਕਤਲ ਬਾਜ਼ਾਂ ਤੋਂ, ਨਾ ਚਿੜੀਆਂ ਮਰਦੀਆਂ ਯਾਰੋ

ਉਹ ਜਿਹੜਾ ਹਰ ਪ੍ਰਾਹੁਣੇ ਵਾਸਤੇ ਬਣਦਾ ਸੀ ਗਲਵੱਕੜੀ
ਕਦੀ ਨਾ ਖੁੱਲ੍ਹਦੀਆਂ ਹੁਣ ਖਿੜਕੀਆਂ ਉਸ ਘਰ ਦੀਆਂ ਯਾਰੋ

ਸਰੋਵਰ ਜੰਮ ਕੇ ਜਦ ਬਰਫ਼ ਦਾ ਮੈਦਾਨ ਬਣਿਆ ਸੀ
ਭਲਾ ਉਸ ਵਿਚ ਕਿਵੇਂ ਮੁਰਗਾਬੀਆਂ ਫਿਰ ਤਰਦੀਆਂ ਯਾਰੋ

ਮਕਾਨਾਂ ਤੇ ਮਕਾਨਾਂ ਦੀ ਉਸਾਰੀ ਬਹੁਤ ਵੇਖੀ ਸੀ
ਨਹੀਂ ਸਨ ਵੇਖੀਆਂ ਕਬਰਾਂ ਇਉਂ ਉੱਸਰਦੀਆਂ ਯਾਰੋ

ਅਸਾਂ ਇਹ ਦੌਰ ਵੀ ਤੱਕਣਾ ਸੀ ਏਨੀ ਬੇਵਿਸਾਹੀ ਦਾ
ਕਿ ਕੰਧਾਂ ਘਰ ਦੀਆਂ ਇਕ ਦੂਸਰੀ ਤੋਂ ਡਰਦੀਆਂ ਯਾਰੋ

ਭੁਲੇਖਾ ਦਰ ਭੁਲੇਖਾ ਹੀ ਮਿਲੇਗਾ ਮੇਰੀ ਹਸਤੀ ਚੋਂ
ਫਰੋਲੋ ਇੰਜ ਨਾ ਤੈਹਾਂ ਮੇਰੇ ਅੰਦਰ ਦੀਆਂ ਯਾਰੋ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਉਹ ਤਾਂ ਧਰਤੀ ਦੇ ਕੰਬਣ ਤੇ ਡਿੱਗ ਪਏ ਸਨ ਸੱਜਣ ਜੀ
ਮਨ ਦੀ ਮਮਟੀ ਤੇ ਜੋ ਆਪਾਂ ਦੀਪ ਧਰੇ ਸਨ ਸੱਜਣ ਜੀ

ਕਿਸ ਦੀ ਸਿਤਮ-ਜ਼ਰੀਫ਼ੀ ਹੈ ਕਿ ਇਹ ਬੇ-ਛਾਂਵੇਂ ਹੋਏ ਨੇ
ਇਹ ਬੂਟੇ ਤਾਂ ਪਿਛਲੇ ਸਾਲੀਂ ਬਹੁਤ ਹਰੇ ਸਨ ਸੱਜਣ ਜੀ

ਮੈਂ ਹਾਲੇ ਵੀ ਉਹਨਾਂ ਅੰਦਰ ਡੁਬਦਾ ਤਰਦਾ ਰਹਿੰਦਾ ਹਾਂ
ਮੈਥੋਂ ਵਿਛੜਨ ਲੱਗਿਆਂ ਜੋ ਤੂੰ ਨੈਣ ਭਰੇ ਸਨ ਸੱਜਣ ਜੀ

ਕਦੇ ਕਦੇ ਹੁਣ ਵੀ ਉਹਨਾਂ ਦੀ ਯਾਦ ਸੁਆਂਦੀ ਲਗਦੀ ਹੈ
ਆਪਾਂ ਰਲਕੇ ਲੋਕਾਂ ਦੇ ਜੋ ਸਿਤਮ ਜਰੇ ਸਨ ਸੱਜਣ ਜੀ

ਅੱਜ ਦੀ ਪਹਿਲੀ ਸੁਰਖੀ ਦੇ ਵਿਚ ਉਸ ਦੇ ਕਤਲ ਦਾ ਚਰਚਾ ਹੈ
ਜਿਸ ਨੇ ਹੱਸ ਕੇ ਸੋਗ ਭਰੇ ਅਖ਼ਬਾਰ ਪੜ੍ਹੇ ਸਨ ਸੱਜਣ ਜੀ


ਮੈਂ ਖੁਸ਼ ਹਾਂ ਕਿ ਜਿਸ ਦਿਨ ਮੈਨੂੰ ਪੱਥਰ ਮਾਰੇ ਜਾਣੇ ਸਨ
ਇੱਕ ਫੁੱਲ ਲੈ ਕੇ ਲੋਕਾਂ ਦੇ ਵਿਚਕਾਰ ਖੜ੍ਹੇ ਸਨ ਸੱਜਣ ਜੀ

■

**(ਪੰਜਾਬ, ਇੰਡੀਆ)**

# ਹਰਭਜਨ ਸਿੰਘ ਹੁੰਦਲ

# ਗ਼ਜ਼ਲ



ਪਲ, ਪਲ, ਗਿਣ ਗਿਣ, ਕਦੇ ਗੁਜ਼ਾਰੇ, ਜੇਲ੍ਹੀਂ ਸੂਲੀਂ-ਟੰਗੇ ਦਿਨ
ਵਰ੍ਹਿਆਂ ਪਿੱਛੋਂ, ਅੱਜ ਕਿਉਂ ਲੱਗਣ, ਸਾਨੂੰ ਚੰਗੇ ਚੰਗੇ ਦਿਨ

ਰਾਤਾਂ ਭਾਵੇਂ ਸੱਤ-ਰੰਗੀਆਂ ਸਨ, ਰੌਸ਼ਨੀਆਂ ਦੀ ਝਿਲਮਿਲ ਵੀ
ਆਖਣ, 'ਮੰਗ ਲੈ, ਜੋ ਵੀ ਚਾਹੇਂ", ਅਸਾਂ ਹਮੇਸ਼ਾ ਮੰਗੇ, ਦਿਨ

ਦਿਨਾਂ ਦਿਨਾਂ ਦਾ ਚੱਕਰ ਹੁੰਦੈ, ਉਹ ਲੰਘੇ, ਇਹ ਲੰਘ ਜਾਣੇ
ਕੀ ਹੋਇਆ ਜੇ ਅੱਜ ਧੁਆਂਖੇ, ਕੌੜੇ, ਕਾਲਖ਼-ਰੰਗੇ ਦਿਨ

ਗੱਲ ਹਮੇਸ਼ਾ ਕੋਰੀ ਕਰੀਏ, ਕੌੜੀ ਲੱਗੇ ਜਾਂ ਮਿੱਠੀ
ਅੱਗ ਦੀ ਰੁੱਤੇ, ਧਮਕੀ ਵਾਂਗੂੰ ਸਾਡੇ ਸਿਰ ਤੋਂ ਲੰਘੇ ਦਿਨ

ਐਵੇਂ ਪੱਤੇ ਵਾਂਗ ਨਾ ਕੰਬੀਂ, ਸਦੀਆਂ ਦਾ ਇਤਿਹਾਸ ਬਣਨ
ਫਾਂਸੀ ਚੜ੍ਹਦੇ, ਜੋ ਮੁਸਕਾਏ, ਹੱਸੇ, ਸੂਲੀ ਟੰਗੇ ਦਿਨ

ਬੁਜ਼ਦਿਲ ਦਾ ਕੀ ਜੀਣਾ ਹੁੰਦਾ, ਕੀ ਜੀਣਾ ਕਮਜ਼ੋਰਾਂ ਦਾ
ਤਰਲੇ ਲੈ ਲੈ ਕਾਤਲ ਕੋਲੋਂ, ਜਿਨ੍ਹਾਂ ਹੁਧਾਰੇ ਮੰਗੇ ਦਿਨ

ਉਹ ਦਿਨ ਸਦਾ ਸਲਾਮਤ ਰਹਿੰਦੇ, ਅਣਖ ਜਿਨ੍ਹਾਂ ਦੇ ਹੈ ਪੱਲੇ
ਸੰਗੀਨਾਂ ਨੂੰ ਕਰਨ ਮਖ਼ੌਲਾਂ ਕਾਤਲ ਬੂਹੇ ਖੰਘੇ ਦਿਨ

■

**(ਪੰਜਾਬ, ਇੰਡੀਆ)**



# ਕਮਲਜੀਤ ਕੰਵਰ

## ਗ਼ਜ਼ਲ-1

ਬੰਧਨ ਤੋੜਾਂਗੇ ਸਭ, ਤੇਰਾ ਤਖ਼ਤ ਹਿਲਾਵਾਂਗੇ
ਦੇਖੀਂ ਹੁਣ, ਤੈਨੂੰ ਤੇਰੀ ਔਕਾਤ ਦਿਖਾਵਾਂਗੇ

ਪਾਪਾਂ ਦੀ ਪੰਡ ਭਰ ਚੁੱਕੀ ਹੈ, ਅੱਜ ਦੇ ਮੁਗ਼ਲਾਂ ਦੀ
ਭਾਜੀ ਮੋੜਾਂਗੇ, ਇਹ ਖ਼ੂਨੀ ਬਾਜ਼ ਭਜਾਵਾਂਗੇ

ਸਾਡੇ ਘਰ ਜੇ ਅੱਗ ਬਲ਼ੀ ਨਾ, ਤੂੰ ਵੀ ਸੋਚ ਲਵੀਂ
ਤੇਰੇ ਘਰ ਵਿਚ ਜਾ ਕੇ, ਤੇਰਾ ਚੁੱਲਾ ਢਾਵਾਂਗੇ

ਬੋਲ਼ੇ ਸੱਪਾਂ ਅੱਗੇ ਤੂੰ ਨਾ, ਬੀਨ ਬਜਾਈ ਚੱਲ
ਫਨ ਕੁਚਲਾਂਗੇ ਇਹਨਾਂ ਦੇ, ਹੁਣ ਡਾਂਗ ਚਲਾਵਾਂਗੇ

ਪੈਰਾਂ ਦੇ ਵਿਚ ਰੋਲ਼ੀ ਜਾਂਦਾ, ਏ ਕਿਰਸਾਨੀ ਉਹ
ਆਪਾਂ ਵੀ ਹੁਣ ਛੱਡ ਕੇ ਹਲ਼, ਤਲਵਾਰ ਉਠਾਵਾਂਗੇ

ਹੁਣ ਤੇਰੀ ਫਾਂਸੀ ਦਾ ਸਾਨੂੰ, ਭੈਅ ਨਾ ਭੋਰਾ ਵੀ
ਉਲਟਾ ਤੇਰੀ ਮਨਮਰਜ਼ੀ ਨੂੰ, ਫਾਹੇ ਲਾਵਾਂਗੇ

ਬਦਲਾ ਜਾਕੇ ਲੰਡਨ ਵਿਚ, ਨਹੀਂ ਲੈਣ ਦਾ ਵੇਲਾ ਹੁਣ
ਹੁਣ ਦਿੱਲੀ ਦੇ ਡਾਇਰ, ਦਿੱਲੀ ਅੰਦਰ ਢਾਵਾਂਗੇ

ਜਿੱਤਣ ਤੀਕਰ ਮੁਰਦਾਬਾਦ, ਕਰਾਂਗੇ ਹੁਣ ਤੇਰੀ
ਕਰ ਜੋ ਕਰਨੈ ਆਪਾਂ, ਜ਼ਿੰਦਾਬਾਦ ਕਹਾਵਾਂਗੇ

ਤੇਰੀ ਮਰਜ਼ੀ ਹੀ ਚੱਲੇਗੀ, ਕੱਢ ਦੇ ਦਿਲ ਚੋਂ ਤੂੰ
ਪਛਤਾਏਂਗਾ ਹੱਥ ਕੰਵਰ, ਏਦਾਂ ਦੇ ਪਾਵਾਂਗੇ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਝੰਡਾ ਆਪਣੇ ਹੱਕਾਂ ਦਾ, ਲਹਿਰਾ ਕੇ ਆਵਾਂਗੇ
ਦਿੱਲੀਏ ਤੇਰੀ ਇੱਟ ਨਾਲ ਇੱਟ, ਵਜਾ ਕੇ ਆਵਾਂਗੇ

ਕੁੰਭਕਰਣ ਦੀ ਨੀਂਦਰ ਸੁੱਤੀ, ਹਾਕਮ ਦੀ ਢਾਣੀ
ਚਿੰਤਨ ਦੀ ਸੂਲੀ ਉੱਤੇ, ਲਟਕਾ ਕੇ ਅਵਾਂਗੇ

ਕਿਰਸਾਨੀ ਹੁੰਦੀ ਸੱਪਾਂ ਦੀਆਂ, ਸਿਰੀਆਂ ਮਿੱਧ ਮਿੱਧ ਕੇ
ਉਸ ਨੂੰ ਇਸ ਗੱਲ ਦਾ, ਇਹਸਾਸ ਕਰਾ ਕੇ ਆਵਾਂਗੇ

ਖ਼ੁਦ ਨੂੰ ਚੌਂਕੀਦਾਰ, ਲੁਟੇਰੇ ਦੱਸਣ ਲੱਗੇ ਹੁਣ
ਸੱਚ ਉਨਾਂ ਦਾ ਸਭਨਾਂ ਨੂੰ, ਸਮਝਾ ਕੇ ਆਵਾਂਗੇ

ਹਉਮੈ ਤੇਰੀ ਪੈਰਾਂ ਹੇਠਾਂ, ਦਰੜਨਗੇ ਮਜ਼ਲੂਮ
ਤੇਰੀ ਤਾਨਾਸ਼ਾਹੀ ਨੂੰ, ਨੱਥ ਪਾ ਕੇ ਆਵਾਂਗੇ

ਹੱਕਾਂ ਦੀ ਰਾਖੀ ਲਈ ਹੱਥ, ਉਠਿਆ ਏ ਹੁਣ ਆਪਣਾ
ਲੋੜ ਪਈ ਤੇ ਉਸਦੇ, ਗਲ ਨੂੰ ਪਾ ਕੇ ਆਵਾਂਗੇ

ਤੋੜ ਦਵੇਗਾ ਬਾਜਾਂ ਦੇ, ਖੰਭ ਲੋਕਾਂ ਦਾ ਏਕਾ
ਮਾਸਖੋਰੀਆਂ ਗਿਰਝਾਂ, ਭੂੰਜੇ ਲਾਹ ਕੇ ਆਵਾਂਗੇ


ਹੁਣ ਅਪਣੀ ਭਾਸ਼ਾ ਵਿਚ, ਦੱਸਣਾ ਪੈਣਾ ਦੁਸ਼ਮਣ ਨੂੰ
ਹਰ ਹਾਲਤ ਵਿਚ ਉਸਦੀ, ਧੌਣ ਝੁਕਾ ਕੇ ਆਵਾਂਗੇ

ਗੂੰਜ ਰਿਹਾ ਏ ਕੰਵਰ ਨਗਾਰਾ, ਜਾਗ ਪਈ ਜਨਤਾ
ਠੱਲ ਅੱਜ ਮਾਰੂ ਤੂਫ਼ਾਨਾਂ ਨੂੰ, ਪਾ ਕੇ ਆਵਾਂਗੇ

■

**(ਪੰਜਾਬ, ਇੰਡੀਆ)**

# ਕਮਰ ਓਜ਼ ਜ਼ਮਾਂ



# ਗ਼ਜ਼ਲ

ਮੋਇਆਂ ਨਾਲ ਤੇ ਮਰ ਨਹੀਂ ਹੁੰਦਾ
ਏਹੋ ਦੁਖੜਾ ਜਰ ਨਹੀਂ ਹੁੰਦਾ

ਸ਼ੀਸ਼ਾ ਵੇਖ ਕੇ ਕਿਉਂ ਡਰਦੇ ਓ
ਸ਼ੀਸ਼ਾ ਜੇ, ਪੱਥਰ ਨਹੀਂ ਹੁੰਦਾ

ਇਥੇ ਇਕੋ ਕੰਮ ਏ ਜੀਣਾ
ਮੈਥੋਂ ਇਹ ਵੀ ਕਰ ਨਹੀਂ ਹੁੰਦਾ

ਆਪ ਈ ਮਾੜੇ ਪੈ ਜਾਨੇਂ ਆਂ
ਦੁੱਖ ਤੇ ਜ਼ੋਰਾਵਰ ਨਹੀਂ ਹੁੰਦਾ

ਸਾਹ ਈ ਮੌਤ ਦੀ ਮੁਖਬਰ ਲਗਦੀ
ਹੋਰ ਕੋਈ ਮੁਖਬਰ ਨਹੀਂ ਹੁੰਦਾ


ਕਬਰ ਏ ਅਸਲੀ ਘਰ ਕਮਰ ਜੀ
ਜਿਥੋਂ ਕੋਈ ਬੇਘਰ ਨਹੀਂ ਹੁੰਦਾ

■

**(ਇਸਲਾਮਾਬਾਦ, ਪਾਕਿਸਤਾਨ)**

ਕ੍ਰਿਸ਼ਨ ਭਨੋਟ

# ਗ਼ਜ਼ਲ



ਵਫ਼ਾਦਾਰੀ, ਮੁਹੱਬਤ, ਜਜ਼ਬਿਆਂ ਨੂੰ ਕੌਣ ਪੁੱਛਦਾ ਹੈ
ਇਹ ਨਗਰੀ ਡਾਲਰਾਂ ਦੀ ਹੈ, ਦਿਲਾਂ ਨੂੰ ਕੌਣ ਪੁੱਛਦਾ ਹੈ

ਰਿਸ਼ਤਾ ਬੜਾ ਕਰੀਬ ਦਾ, ਦਿਲ ਤੇ ਦਿਮਾਗ ਦਾ
ਮੀਲਾਂ ਦਾ ਫਿਰ ਵੀ ਫ਼ਾਸਲਾ, ਦਿਲ ਤੇ ਦਿਮਾਗ ਦਾ

ਨਿਰੰਤਰ ਉਗਲਦੇ ਜਜ਼ਬਾਤ ਨੇ ਸ਼ਾਇਰ ਬਣਾ ਦਿੱਤਾ
ਮੈਂ ਔਗੁਣਹਾਰ ਨੂੰ ਹਾਲਾਤ ਨੇ ਸ਼ਾਇਰ ਬਣਾ ਦਿੱਤਾ

ਨਿਰਾਸ਼ਾ, ਭੁੱਖਮਰੀ, ਚੀਖਾਂ, ਪੁਕਾਰਾਂ, ਬੇਬਸੀ, ਥੋੜ੍ਹਾਂ
ਲਿਖਾਂ ਕੀ ਕੀ, ਮੈਂ ਕੀ ਕੀ ਦੇਖਦਾ, ਲਿਖਿਆ ਨਹੀਂ ਜਾਂਦਾ

ਹਾਲ ਜਿਸ ਦਾ ਪੁੱਛੀਏ, ਮਿਲਦਾ ਹੈ ਉਹੀ ਪੀੜ ਪੀੜ
ਕਿਉਂ ਖੁਸ਼ੀ ਦੀ ਮਿਹਰ ਕਰਦਾ ਹੈ, ਖ਼ੁਦਾ ਵਿਰਲੇ ਤੇ ਹੀ

ਮੰਗੇ ਤੋਂ ਮਿਲਦੀ ਨਹੀਂ, ਇਹ ਗੱਲ ਰੱਖੋ ਯਾਦ
ਆਪ ਮੁਹਾਰੇ ਕ੍ਰਿਸ਼ਨ ਖ਼ੁਦ, ਲੋਕੀ ਦਿੰਦੇ ਦਾਦ

ਭਰਿਆ ਭਰਿਆ ਇੱਕ, ਤੇ ਇੱਕ ਖ਼ਾਲੀ ਖ਼ਾਲੀ
ਕਿੰਨਾ ਅੰਤਰ, ਤੇਰੇ ਮੇਰੇ ਪੱਲੇ ਵਿੱਚ

■

**(ਕੈਨੇਡਾ)**

# ਕਵਿੰਦਰ ਚਾਂਦ



## ਗ਼ਜ਼ਲ

ਮਨ 'ਤੇ ਸੋਕੇ ਨੇ ਰੀਝਾਂ ਤਿਰਹਾਈਆਂ ਨੇ
ਕੁੜੀਆਂ ਰਲ ਕੇ ਗੁੱਡੀਆਂ ਫੂਕਣ ਆਈਆਂ ਨੇ

ਇਕ ਕੰਗਾਲੀ ਨੇ ਬਾਹਵਾਂ 'ਤੇ ਚੋਰੀ ਚੋਰੀ
ਵੱਡੀਆਂ ਵੱਡੀਆਂ ਅਸ਼ਰਫ਼ੀਆਂ ਖੁਣਵਾਈਆਂ ਨੇ

ਕਰਜ਼ਾਈ ਬਾਬੁਲ ਦੀ ਧੀ ਨੇ ਚਾਦਰ 'ਤੇ
ਸੋਨੇ ਰੰਗੀਆਂ ਮੋਰਨੀਆਂ ਕਢਵਾਈਆਂ ਨੇ

ਅੱਜ ਵੀ ਲਿੰਬ ਕੇ ਆਈਆਂ ਵਿਹੜੇ ਲੰਬੜਾਂ ਦੇ
ਕੱਲ੍ਹ ਜਿਨ੍ਹਾਂ ਦੀਆਂ ਆਪਣੀਆਂ ਕੁੜਮਾਈਆਂ ਨੇ

ਸਿੱਟੇ ਚੁਗਣ ਗਈ ਨਾ ਪਰਤੀ ਧੀ ਹਾਲੇ
ਮਾਂ ਦੀਆਂ ਅੱਖਾਂ ਪਥਰਾਈਆਂ ਪਥਰਾਈਆਂ ਨੇ


ਦਰੀਆਂ ਬੁਣ-ਬੁਣ ਦਾਜ ਜਮ੍ਹਾਂ ਕਰਦੇ ਕਰਦੇ
ਅੱਲ੍ਹੜ ਉਮਰਾਂ ਪਕਿਆਈਆਂ ਪਕਿਆਈਆਂ ਨੇ

■

**(ਕੈਨੇਡਾ)**

ਖ਼ਿਤਾਬ ਖਜੂਰੀਆ

# ਗ਼ਜ਼ਲ



ਜਰਦੇ ਨੇ ਬੰਦਿਸ਼ਾਂ ਨੂੰ, ਘੁਟਨਾਂ ਨੂੰ ਮਾਣਦੇ ਨੇ
ਜੋ ਬੇਸਮੈਂਟ ਵਿੱਚ ਵੀ ਬਰਫ਼ਾਂ ਨੂੰ ਮਾਣਦੇ ਨੇ

ਅੱਜ-ਕੱਲ੍ਹ ਚਲਾਕ ਮਿਰਜ਼ੇ, ਲੱਭਦੇ ਨੇ ਝੱਟ ਹੋਟਲ
ਬਹਿ ਕੇ ਨਾ ਜੰਡ ਹੇਠਾਂ ਜ਼ੁਲਫ਼ਾਂ ਨੂੰ ਮਾਣਦੇ ਨੇ

ਇਸ ਸ਼ਹਿਰ ਨਾ ਗੁਜ਼ਾਰਾ, ਸ਼ਾਇਰ/ਫ਼ਕੀਰ ਤੇਰਾ
ਏਥੋਂ ਦੇ ਲੋਕ ਵਹਿਸ਼ੀ, ਕਤਲਾਂ ਨੂੰ ਮਾਣਦੇ ਨੇ

ਬੇਸ਼ਕ ਪਤੈ ਕਿ ਸਾਡਾ ਹੋਣਾ ਨਾ ਮੇਲ ਕਿਧਰੇ
ਦਿਲ ਤੇ ਦਿਮਾਗ ਫਿਰ ਵੀ ਨਜ਼ਰਾਂ ਨੂੰ ਮਾਣਦੇ ਨੇ

ਹੁਣ ਤਾਂ ਹਰੇਕ ਮੌਕੇ, ਲੱਭਦੇ ਨਸ਼ਾ ਨਵੇਲਾ
ਆਸ਼ਕ ਨਾ ਲੱਭ ਜਿਹੜੇ ਹਿਜਰਾਂ ਨੂੰ ਮਾਣਦੇ ਨੇ

ਇਸ ਤਰਫ਼ ਪਿੱਲ-ਗੋਲੀ, ਓਧਰ ਪਤੰਗਬਾਜ਼ੀ
ਬਚਪਨ ਦੇ ਦਿਨ ਬਹਿਸ਼ਤੀ ਖੇਡਾਂ ਨੂੰ ਮਾਣਦੇ ਨੇ

ਮਿੱਤਰਾਂ ਦਾ ਮਾਣ ਮਿਟਿਆ ਤੇ ਭੁਰ ਗਿਆ ਭਰੱਪਣ
ਲੁਕਦੇ ਖ਼ਿਤਾਬ ਕੋਲੋਂ, ਗ਼ਜ਼ਲਾਂ ਨੂੰ ਮਾਣਦੇ ਨੇ

■

**(ਕੈਨੇਡਾ)**

## ਗੁਰਭਜਨ ਗਿੱਲ



# ਗ਼ਜ਼ਲ-1

ਸਾਡੇ ਘਰ ਨੂੰ ਤੀਲੀ ਲਾ ਗਏ ਬਹੁ-ਰੰਗੇ ਅਖ਼ਬਾਰ
ਅੰਨ੍ਹੇ-ਕਾਣੇ ਫਿਰਨ ਘੁਮਾਉਂਦੇ ਦੋਧਾਰੀ ਤਲਵਾਰ

ਨਾ ਅੰਬਰ 'ਚੋਂ ਬਿਜਲੀ ਡਿੱਗੀ ਨਾ ਕੋਈ ਹੋਰ ਚੁੜੇਲ
ਬਿਟ ਬਿਟ ਝਾਕੇ ਕੰਧ 'ਤੇ ਬੈਠੀ ਖੰਭ-ਸੜਿਆਂ ਦੀ ਡਾਰ

ਮਾਂ ਪਿਉ ਜਾਏ ਬਣੇ ਪਰਾਏ ਵੰਡਿਆ ਧਰਤੀ ਅੰਬਰ
ਵਿਸ਼-ਵਣਜਾਰਿਆਂ ਲੀਕਾਂ ਪਾ ਕੇ ਦਿੱਤਾ ਕਹਿਰ ਗੁਜ਼ਾਰ

ਅੰਦਰੋਂ ਕੁੰਡੀ ਲਾ ਕੇ ਸੁੱਤੇ ਵੈਦ-ਧਨੰਤਰ ਸਾਰੇ
ਆਪਣੇ ਆਪ ਤਾਂ ਲਹਿ ਨਾ ਸਕਣ ਡਾਢਾ ਤੇਜ਼ ਬੁਖ਼ਾਰ

ਮੌਸਮ ਸਿਰ ਇਲਜ਼ਾਮ ਲਗਾ ਕੇ ਕੰਢੇ 'ਤੇ ਜਾ ਬੈਠੇ
ਚਿੱਟੇ ਲੀੜਿਆਂ ਵਾਲੇ ਮੇਰੇ ਵੰਨ ਸੁਵੰਨੇ ਯਾਰ

ਗਲੀਆਂ ਚੌਂਕ ਚੁਰਸਤੇ ਸੜਕਾਂ ਸੁੰਨ ਮ-ਸੁੰਨੀਆਂ ਹੋਈਆਂ
ਦਫ਼ਾ-ਚੁਤਾਲੀ ਧੌਣ ਪੰਜਾਲੀ ਜੇ ਰਲ ਬੈਠਣ ਚਾਰ

ਏਦਾਂ ਗਰਕ ਗਰਕ ਕੇ ਯਾਰੋ ਬਾਕੀ ਰਹਿ ਕੀ ਜਾਊ
ਵਧਦੀ ਗਈ ਜੇ ਏਦਾਂ ਆਪਣੇ ਗਰਕਣ ਦੀ ਰਫ਼ਤਾਰ

■

(113-F Shaheed Bhagat Singh Nagar
Pakhowal Road, Ludhiana-141013, Pb,
India)

# ਗ਼ਜ਼ਲ-2

ਅਪਣੀ ਜਾਚੇ ਉਹ ਤਾਂ ਵੱਡੇ ਘਰ ਜਾਂਦਾ ਹੈ
ਵਿਚ ਸਮੁੰਦਰ ਜਾ ਕੇ ਦਰਿਆ ਮਰ ਜਾਂਦਾ ਹੈ

ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ
ਬੇਸ਼ਰਮਾਂ ਦਾ ਨੀਂਵੀਂ ਪਾ ਕੇ ਸਰ ਜਾਂਦਾ ਹੈ

ਇਹ ਜੋ ਆਤਿਸ਼ਬਾਜ਼ੀ ਸਾਨੂੰ ਵੇਚ ਰਿਹਾ ਏ
ਅਪਣੀ ਚੀਚੀ ਝੁਲਸ ਜਾਣ ਤੇ ਡਰ ਜਾਂਦਾ ਹੈ

'ਅੱਤ' ਨੂੰ 'ਅੰਤ' ਬਣਾਵੇ ਆਖ਼ਰ ਕਹਿਰ ਖ਼ੁਦਾਈ
ਜਬਰ ਜਰਦਿਆਂ ਸਬਰ ਪਿਆਲਾ ਭਰ ਜਾਂਦਾ ਹੈ

ਮਾਂ-ਬੋਲੀ, ਮਾਂ-ਜਣਨੀ, ਧਰਤੀ-ਮਾਤਾ ਕੋਲੋਂ
ਟੁੱਟ ਕੇ ਬੰਦਾ, ਮਰਦਾ ਮਰਦਾ ਮਰ ਜਾਂਦਾ ਹੈ

ਬਹੁਤੀ ਵਾਰੀ ਜਾਗਦਿਆਂ ਨਹੀਂ ਹਿੰਮਤ ਪੈਂਦੀ
ਸੁਪਨੇ ਅੰਦਰ ਜੋ ਕੁਝ ਬੰਦਾ ਕਰ ਜਾਂਦਾ ਹੈ

ਸੋਚ ਵਿਚਾਰਾਂ ਕਰਦਾ ਡੁੱਬਿਆਂ ਵੇਖ ਲਵੋ ਮੈਂ
ਸੱਖਣਾ ਭਾਂਡਾ ਪਾਣੀ ਉੱਤੇ ਤਰ ਜਾਂਦਾ ਹੈ

■

(113-F Shaheed Bhagat Singh Nagar
Pakhowal Road, Ludhiana-141013, Pb,
India)

# ਗੁਰਮਿੰਦਰ ਸਿੱਧੂ (ਡਾ.)



## ਗ਼ਜ਼ਲ-1

ਤੜਪਦਾ ਹੈ ਕੁਆਰਾ ਖ਼ਾਬ ਕੋਈ ਆਂਦਰਾਂ ਹੇਠਾਂ
ਜਗਦਾ ਧਰ ਗਿਆ ਹੈ ਦੀਪ ਕੋਈ ਪਾਣੀਆਂ ਹੇਠਾਂ

ਉਹ ਸੁਫ਼ਨੇ ਵਿੱਚ ਮਿਲ਼ ਲੈਂਦੇ ਨੇ ਸਾਰੇ ਟੱਪ ਕੇ ਪਹਿਰੇ
ਜੋ ਲੋਕਾਂ ਨੂੰ ਦਿਸਣ ਰਾਤਾਂ ਨੂੰ ਸੁੱਤੇ ਚਾਦਰਾਂ ਹੇਠਾਂ

ਘੁੰਗਰੂ ਤਾਂ ਅਦਾਕਾਰੀ ਨੇ ਕਰਦੇ ਥਰਥਰਾਵਣ ਦੀ
ਛਣਕਦੇ ਨੇ ਸਦਾ ਹੀ ਜ਼ਖ਼ਮ ਕੋਈ ਝਾਂਜਰਾਂ ਹੇਠਾਂ

ਮੁਹੱਬਤ ਰੌਸ਼ਨੀ ਤੇ ਨਿੱਘ ਦਿੰਦੀ ਹੈ ਆਕਾਸ਼ਾਂ ਤੋਂ
ਬਲ਼ਦੀ ਹੈ ਖ਼ਤਾਂ ਦੀ ਪੰਡ ਕੋਈ ਸੂਰਜਾਂ ਹੇਠਾਂ

ਥਲਾਂ ਨੇ ਸੋਕ ਲਏ ਜਿਸਮਾਂ 'ਚੋਂ ਭਾਵੇਂ ਆਖਰੀ ਪਾਣੀ
ਵਗਦੀ ਹੈ ਦਿਲਾਂ ਦੀ ਕੂਲ੍ਹ ਕੋਈ ਪੱਥਰਾਂ ਹੇਠਾਂ

ਮੈਂ ਜੋਗਣ ਹੋ ਕੇ ਹੱਥਾਂ ਵਿੱਚ ਮਾਲ਼ਾ ਫੜ ਲਈ ਭਾਵੇਂ
ਤੇਰਾ ਹੀ ਨਾਮ ਲਿਖਿਆ ਹੈ ਮੈਂ ਸਾਰੇ ਮਣਕਿਆਂ ਹੇਠਾਂ

ਹੱਸਦਾ ਹੈ ਜਿਗਰ ਵਾਲ਼ਾ ਕੋਈ ਤੱਤੀ ਤਵੀ ਉੱਤੇ
ਰੋਂਦੀ ਹੈ ਸਿਰਾਂ ਦੀ ਭੀੜ ਕੋਈ ਛਤਰੀਆਂ ਹੇਠਾਂ

■

**(ਕੈਨੇਡਾ)**

# ਗ਼ਜ਼ਲ-2

ਤਪਸ਼ ਦਾ ਪਹਿਰਾ ਅੰਦਰ ਬਾਹਰ, ਸਾਹ ਸਜ਼ਾਵਾਂ ਵਰਗੇ ਨੇ
ਗੰਧਲ਼ੀਆਂ ਪੌਣਾਂ ਦੇ ਵਿਚ ਨਗ਼ਮੇ, ਹਉਕੇ ਹਾਅਵਾਂ ਵਰਗੇ ਨੇ

ਕਿਸੇ ਸਹਿਮ ਨੇ ਨੱਪ ਦਿੱਤਾ ਹੈ ਬਾਲਾਂ ਦੀ ਕਿਲਕਾਰੀ ਨੂੰ
ਝੂਲੇ, ਪੀਂਘ, ਪੰਘੂੜੇ, ਸੱਭੇ ਪੱਕੀਆਂ ਥਾਵਾਂ ਵਰਗੇ ਨੇ

ਸਿਹਰੇ ਵਾਲ਼ੇ ਦੇ ਖੀਸੇ 'ਚੋਂ ਪੁੜੀਆਂ ਡਿੱਗਣ ਨਸ਼ੇ ਦੀਆਂ
ਚੂੜੇ ਵਾਲ਼ੇ ਹੱਥੀਂ, ਪੱਲੇ ਟੁੱਟੀਆਂ ਲਾਵਾਂ ਵਰਗੇ ਨੇ

ਜਿਹਨਾਂ ਵਿਚ ਆਲਾਪ ਸੀ ਲੈਂਦੀ ਹੇਕ ਵੀਰ ਦੀ ਘੋੜੀ ਦੀ
ਵੈਣ ਉਹਨਾਂ ਹੋਂਠਾਂ ਦੇ ਉਤੇ ਦਰਦ-ਕਥਾਵਾਂ ਵਰਗੇ ਨੇ

ਇੰਟਰਨੈੱਟ ਦੇ ਸਿਰਜੇ ਸਭ ਮਹਿਬੂਬ ਰੋਬਟਾਂ ਵਾਂਗਰ ਨੇ
ਵਟਸਐਪ ਤੇ ਫੇਸਬੁਕ ਦੇ ਇਸ਼ਕ ਖਿਲਾਅਵਾਂ ਵਰਗੇ ਨੇ

ਨਿਗਲ਼ ਗਿਆ ਸਾਵੇ ਰੁੱਖਾਂ ਨੂੰ ਅਜਗਰ ਉੱਚੇ ਭਵਨਾਂ ਦਾ
ਧੁੱਪਾਂ ਵਿਚ ਆਸਰੇ ਸਾਰੇ ਵੱਢੀਆਂ ਛਾਵਾਂ ਵਰਗੇ ਨੇ

ਜ੍ਹਿਨਾਂ ਵਿਚ ਸੀ ਘੁਲ਼ੀਆਂ ਹੋਈਆਂ ਹੇਕਾਂ ਮਿਰਜ਼ੇ ਹੀਰ ਦੀਆਂ
ਖੇਤ ਉਹ ਕਬਰਾਂ ਵਰਗੇ ਨੇ, ਉਹ ਖੇਤ ਚਿਤਾਵਾਂ ਵਰਗੇ ਨੇ

ਅੱਜ ਕੱਲ੍ਹ ਮੇਰੇ ਦੇਸ਼ ਦੇ ਅੰਦਰ ਉੱਡਣ ਲਈ ਮਨਾਹੀ ਹੈ
ਹਾਕਮ ਹੱਥ ਗੁਲੇਲਾਂ, ਬੰਦੇ ਚਿੜੀਆਂ ਕਾਵਾਂ ਵਰਗੇ ਨੇ

ਜ਼ਿੰਦਾ-ਦਿਲੀ ਅਜੇ ਵੀ ਪਰ ਆਸਾਂ ਨੂੰ ਗੋਟਾ ਲਾਉਂਦੀ ਹੈ
ਰੋਂਦੇ ਨੈਣਾਂ ਦੇ ਵਿਚ ਸੁਫ਼ਨੇ, ਹੱਸਦੇ ਚਾਅਵਾਂ ਵਰਗੇ ਨੇ

ਖੇਡਾਂ ਖੇਡੇ ਆਲ਼ੇ-ਭੋਲ਼ੇ ਮੁਖੜੇ 'ਤੇ ਮੁਸਕਾਨ ਅਜੇ
ਤੋਤਲ਼-ਮੋਤਲ਼ ਬੁਲ੍ਹਾਂ ਉਤੇ, ਬੋਲ ਦੁਆਵਾਂ ਵਰਗੇ ਨੇ

■

## ਗੁਰਦਿਆਲ ਰੌਸ਼ਨ

# ਗ਼ਜ਼ਲ



ਪੁਸਤਕਾਂ, ਨਾ ਦੀਵਿਆਂ, ਨਾ ਗਮਲਿਆਂ ਦੀ ਭੀੜ ਹੈ
ਹਰ ਵਿਅਕਤੀ ਦੇ ਦੁਆਲੇ ਮਸਲਿਆਂ ਦੀ ਭੀੜ ਹੈ

ਤਰਕ ਤੇ ਅਪਣੀ ਸਿਆਣਪ ਨਾ ਦਿਖਾ, ਤੂੰ ਚੁੱਪ ਰਹਿ
ਤੂੰ ਦਲੀਲਾਂ ਵਿਚ ਨਾ ਪੈ ਇਹ ਕਮਲਿਆਂ ਦੀ ਭੀੜ ਹੈ

ਚੁੱਪ ਪਸਰੀ ਹੈ ਤੇ ਚਿਹਰਾ ਹਰ ਕਿਸੇ ਦਾ ਗੁੰਮ ਏ
ਜ਼ਿੰਦਗੀ ਦੇ ਮੰਚ ਉੱਤੇ ਤੁਰਲਿਆਂ ਦੀ ਭੀੜ ਹੈ

ਦਿਸ ਰਿਹਾ ਹੈ ਜੋ ਹਕੀਕਤ ਵਿਚ ਕਿਤੇ ਹੈ ਹੀ ਨਹੀਂ
ਜਿਸ ਤਰਫ਼ ਵੀ ਦੇਖਦਾਂ ਮੈਂ ਜੁਮਲਿਆਂ ਦੀ ਭੀੜ ਹੈ

ਅੰਤ ਨੇੜੇ ਹੈ ਤੇਰਾ ਟੋਭੇ 'ਚ ਘਿਰੀਏ ਮਛਲੀਏ
ਕੀ ਕਰੇਂਗੀ ਜਦ ਚੁਫ਼ੇਰੇ ਬਗਲਿਆਂ ਦੀ ਭੀੜ ਹੈ

ਜਾਪਦੈ ਈਮਾਨਦਾਰੀ ਤੁਰ ਗਈ ਬਨਵਾਸ 'ਤੇ
ਆਪਣੇ ਘਰ ਤੋਂ 'ਰਬ ਦੇ ਘਰ' ਤਕ ਘਪਲਿਆਂ ਦੀ ਭੀੜ ਹੈ

ਪੌਣ ਹੈ ਆਯਾਸ਼, ਬੁੱਲਾ ਇਕ ਨਹੀਂ ਹੈ ਪਿਆਰ ਦਾ
ਸ਼ਹਿਰ ਦੇ ਹਰ ਮੋੜ 'ਤੇ ਬਸ ਚਕਲਿਆਂ ਦੀ ਭੀੜ ਹੈ


ਫ਼ੈਸਲਾ ਮੁਸ਼ਕਿਲ ਬੜਾ ਹੈ ਇਕ ਗ਼ਜ਼ਲ ਹੁਣ ਕੀ ਕਰੇ
ਓਸ ਦੇ ਬੂਹੇ ਦੇ ਉੱਤੇ ਮਤਲਿਆਂ ਦੀ ਭੀੜ ਹੈ

ਬੋਲਿ਼ਆਂ ਦੀ ਭੀੜ ਹੈ ਸੰਗੀਤ ਦੇ ਬਾਜ਼ਾਰ ਵਿਚ
ਕੰਘੀਆਂ ਵਾਲੀ ਗਲੀ ਵਿਚ ਟਕਲਿਆਂ ਦੀ ਭੀੜ ਹੈ

■

**(ਪੰਜਾਬ, ਇੰਡੀਆ)**

# ਗੁਰਦਿਆਲ ਦਲਾਲ



# ਗ਼ਜ਼ਲ

ਤੂੰ ਜਿੱਥੇ ਭਾਲਦਾ ਰਹਿਨੈਂ, ਕੋਈ ਵੀ ਯਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ
ਥਲਾਂ ਵਿਚ ਰੁੱਖ ਵੀ ਕੋਈ, ਕਿਤੇ ਛਾਂਦਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਗਰੀਬਾਂ ਵਿਚ ਕਿਤੇ ਵਸਦਾ, ਉਹ ਮਿਲ ਜਾਵੇ ਤਾਂ ਮਿਲ ਜਾਵੇ, ਨਜ਼ਰ ਅਪਣੀ ਬਣਾ ਰੱਖੀਂ
ਕਿਸੇ ਮੰਦਰ ਜਾਂ ਮਸਜਿਦ ਵਿੱਚ ਪਰਵਰਦਗਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਸਲਾਮਾਂ ਲੋਕ ਚੜ੍ਹਦੇ ਸੂਰਜਾਂ ਨੂੰ ਮਾਰਦੇ ਹੁੰਦੇ, ਉਹ ਦੇਖਣ ਨਾ ਜਦੋਂ ਛਿਪਦੇ
ਮੁਸੀਬਤ ਵਿਚ ਕਦੀ ਤੈਨੂੰ, ਵੀ ਮੱਦਦਗਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਚੁਫ਼ੇਰੇ ਉਸਰਿਆ ਢਾਂਚਾ, ਭਰੇ ਪਾਣੀ ਅਮੀਰਾਂ ਦਾ, ਕਦੀ ਨਾ ਰਾਸ ਇਹ ਸਾਨੂੰ
ਹਿਫ਼ਾਜ਼ਤ ਜੋ ਕਰੇ ਲੋਕਾਂ ਦੀ ਪਹਿਰੇਦਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਵਿਦੇਸ਼ਾਂ ਤੋਂ ਪਰਤ ਆਉਣਾ ਤੇਰੇ ਦਿਲਦਾਰ ਨੇ ਦੇਖੀਂ, ਸ਼ੁਰੂ ਤੋਂ ਹੀ ਉਹ ਸੁਸਤੀ ਹੈ
ਘਰੇ ਬੈਠੇ ਨੂੰ ਕੋਈ ਜਾਬ ਕਾਰੋਬਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਜ਼ਮਾਨਾ ਬੀਤਿਆ ਯਾਰੋ, ਜਦੋਂ ਵੰਗਾਰ ਦਿੰਦੇ ਸੀ, ਇਕੱਠੇ ਹੋ ਕੇ ਹਾਕਮ ਨੂੰ
ਵੰਗਾਰੇ ਹੁਣ ਕੋਈ ਉਸ ਨੂੰ, ਕਿਤੇ ਦਮਦਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਜੋ ਕਹਿੰਦਾ ਸੀ ਇਸੇ ਥਾਂ ਤੇ, ਸਵੇਰੇ ਫਿਰ ਮਿਲਾਂਗੇ ਜੀ, ਨਾ ਦਿਸਿਆ ਉਹ ਕਿਤੇ ਆਉਂਦਾ
ਹੈ ਮੌਸਮ ਬਦਲਿਆ ਰਾਤੀਂ, ਮੁਹੱਬਤ ਪਿਆਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

ਜੋ ਸਾਰੀ ਉਮਰ ਨੰਗੇ ਧੜ, ਰਿਹਾ ਖੇਤਾਂ 'ਚ ਕੰਮ ਕਰਦਾ, ਦੁਨੀਂ ਤੋਂ ਗਿਆ ਰੁਖ਼ਸਤ
ਕਰੋਗੇ ਯਾਦ ਜੀਵਨ ਭਰ, ਉਹ ਲਾਣੇਦਾਰ ਨਾ ਮਿਲਣਾ, ਮੈਂ ਤੈਨੂੰ ਆਖਿਆ ਤਾਂ ਸੀ

■ **(ਪੰਜਾਬ, ਇੰਡੀਆ)**

ਜਗਤਾਰ

# ਗ਼ਜ਼ਲ-1



ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ
ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ

ਕਿੰਨੀ ਕੁ ਦੇਰ ਮਿੱਟੀ ਖ਼ਮੋਸ਼ ਰਹਿ ਸਕੇਗੀ
ਕਿੰਨਾ ਕੁ ਚਿਰ ਰਹੇਗਾ ਖ਼ਾਮੋਸ਼ ਖ਼ੂਨ ਮੇਰਾ

ਪੱਥਰ 'ਤੇ ਨਕਸ਼ ਹਾਂ ਮੈਂ, ਮੈਂ ਰੇਤ 'ਤੇ ਨਹੀਂ ਹਾਂ
ਜਿੰਨਾ ਕਿਸੇ ਮਟਾਇਆ, ਹੁੰਦਾ ਗਿਆ ਡੂੰਘੇਰਾ

ਇਤਿਹਾਸ ਦੇ ਸਫ਼ੇ 'ਤੇ, ਤੇ ਵਕਤ ਦੇ ਪਰਾਂ 'ਤੇ
ਉਂਗਲਾਂ ਡਬੋ ਲਹੂ ਵਿਚ, ਲਿਖਿਆ ਹੈ ਨਾਮ ਤੇਰਾ

ਆ ਆ ਖ਼ਿਆਲ ਤੇਰਾ, ਜੰਗਲ-ਗ਼ਮਾਂ ਦਾ ਚੀਰੇ
ਜੁਗਨੂੰ ਹੈ ਚੀਰ ਜਾਂਦਾ ਜਿਉਂ ਰਾਤ ਦਾ ਹਨੇਰਾ

ਪੈਰਾਂ 'ਚ ਬੇੜੀਆਂ ਨੇ, ਨਚਦੇ ਨੇ ਲੋਕ ਫਿਰ ਵੀ
ਕਿਉਂ ਵੇਖ ਵੇਖ ਉਡਦੈ ਚਿਹਰੇ ਦਾ ਰੰਗ ਤੇਰਾ

ਮੇਰੇ ਵੀ ਪੈਰ ਚੁੰਮਕੇ ਇਕ ਦਿਨ ਕਹੇਗੀ ਬੇੜੀ
ਸਦ ਸ਼ੁਕਰ ਹੈ ਕਿ ਆਇਐ ਮਹਿਬੂਬ ਅੰਤ ਮੇਰਾ

ਹਰ ਕਾਲ ਕੋਠੜੀ ਵਿਚ ਤੇਰਾ ਹੈ ਜ਼ਿਕਰ ਏਦਾਂ
ਗ਼ਾਰਾਂ 'ਚ ਚਾਨਣੀ ਦਾ ਹੋਵੇ ਜਿਵੇਂ ਬਸੇਰਾ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਖ਼ੂਨ ਲੋਕਾਂ ਦਾ ਹੈ ਇਹ ਪਾਣੀ ਨਹੀਂ
ਏਸ ਦੀ ਸੁਰਖ਼ੀ ਕਦੇ ਜਾਣੀ ਨਹੀਂ

ਤੇਰੇ ਲਈ ਛਣਕਾ ਕੇ ਲੰਘੇ ਬੇੜੀਆਂ
ਤੂੰ ਹੀ ਸਾਡੀ ਚਾਲ ਪਹਿਚਾਣੀ ਨਹੀਂ

ਕਾਫ਼ਲੇ ਵਿਚ ਤੂੰ ਨਹੀਂ ਭਾਵੇਂ ਰਿਹਾ
ਯਾਦ ਤੇਰੀ ਦਿਲ 'ਚੋਂ ਪਰ ਜਾਣੀ ਨਹੀਂ

ਦੁਸ਼ਮਣਾਂ ਹਥਿਆਰ ਸਾਰੇ ਵਰਤਣੇ
ਜ਼ਿੰਦਗੀ ਨੇ ਮਾਤ ਪਰ ਖਾਣੀ ਨਹੀਂ

ਦੋਸਤੋ ਜੇ ਮਰ ਗਏ ਤਾਂ ਗ਼ਮ ਨਹੀਂ
ਦਾਸਤਾਂ ਸਾਡੀ ਕਦੇ ਜਾਣੀ ਨਹੀਂ

ਸਾਡੇ ਦਮ-ਖ਼ਮ ਨਾਲ, ਇਹ ਖ਼ਮ ਜਾਣਗੇ
ਲਿਟ ਕਿਸੇ ਨੇ ਹੋਰ ਸੁਲਝਾਣੀ ਨਹੀਂ

ਤੇਰੀਆਂ ਜ਼ੁਲਫ਼ਾਂ ਦੀ ਛਾਂ ਵੀ ਹੈ ਅਜ਼ੀਜ਼
ਪਰ ਥਲਾਂ ਤਕ ਨਾਲ ਇਹ ਜਾਣੀ ਨਹੀਂ

ਬੇੜੀਆਂ ਦੀ ਛਣਕ ਵਿਚ ਜੋ ਰਮਜ਼ ਹੈ
ਕੌਣ ਕਹਿੰਦੈ ਲੋਕਾਂ ਪਹਿਚਾਣੀ ਨਹੀਂ

■

**(ਪੰਜਾਬ, ਇੰਡੀਆ)**

## ਜੈਮਲ ਪੱਡਾ

# ਗ਼ਜ਼ਲ



ਸਿਦਕ ਸਾਡੇ ਨੇ ਕਦੀ ਮਰਨਾ ਨਹੀਂ
ਸੱਚ ਦੇ ਸੰਗਰਾਮ ਨੇ ਹਰਨਾ ਨਹੀਂ

ਕਤਲ ਹੋਣਾ ਨਹੀਂ ਪਵਿੱਤਰ ਸੋਚ ਨੇ
ਕੂੜ੍ਹ ਦਾ ਬੇੜਾ ਕਦੇ ਤਰਨਾ ਨਹੀਂ

ਹੁਸਨ ਦੇ ਪੈਰਾਂ ਵਿੱਚ ਭਾਵੇਂ ਬੇੜੀਆਂ
ਉਸ ਦੀ ਪਰ ਮਟਕ ਨੇ ਮਰਨਾ ਨਹੀਂ

ਜੁਲਮ ਦੀ ਚੱਕੀ 'ਚ ਪਿਸਦੇ ਕਾਮਿਉਂ
ਪਾਪ ਤੋਂ ਮੁਕਤੀ ਬਿਨਾ ਸਰਨਾ ਨਹੀਂ

ਮੰਜ਼ਿਲਾਂ ਨੂੰ ਕਦਮ ਵਧਦੇ ਰਹਿਣਗੇ
ਰਾਜ਼ੀਨਾਮਾ ਵਕਤ ਨਾਲ ਕਰਨਾ ਨਹੀਂ

ਪੈਰ ਸੂਲ੍ਹਾਂ 'ਤੇ ਵੀ ਨੱਚਦੇ ਰਹਿਣਗੇ
ਬੁੱਤ ਬਣਕੇ ਪੀੜ ਨੂੰ ਜਰਨਾ ਨਹੀਂ


ਆਉਣ ਵਾਲਾ ਕੱਲ ਅਸਾਡਾ ਦੋਸਤੋ
ਹਿੰਮਤ ਅੱਗੇ ਜਬਰ ਨੇ ਖੜਨਾ ਨਹੀਂ

■

**(ਪੰਜਾਬ, ਇੰਡੀਆ)**

# ਜਗਤਾਰ ਸਾਲਮ

# ਗ਼ਜ਼ਲ



ਨਹੀਂ ਝੁਕਣਾ ਅਸੀਂ ਹੁਣ ਏਸ ਕਾਲੀ ਰਾਤ ਦੇ ਅੱਗੇ
ਖੜ੍ਹੇ ਹੋਵਾਂਗੇ ਛਾਤੀ ਤਾਣ ਕੇ ਹਾਲਾਤ ਦੇ ਅੱਗੇ

ਕਿ ਮੰਜ਼ਿਲ ਦਿਸ ਰਹੀ ਸੀ ਤੇ ਸਫ਼ਰ ਕਟਦਾ ਸੀ ਇਕ ਪਲ ਵਿਚ
ਭਲਾ ਫਿਰ ਜ਼ਹਿਰ ਕੋਈ ਚੀਜ਼ ਸੀ ਸੁਕਰਾਤ ਦੇ ਅੱਗੇ

ਕਿ ਮਹਿਲਾਂ ਦੇ ਬੁਰਜ ਹੱਸਦੇ ਨੇ ਮੇਰੀ ਸਾਦਗੀ ਉੱਪਰ,
ਜ਼ਿਕਰ ਕੱਚੇ ਘਰਾਂ ਦਾ ਜਦ ਕਰਾਂ ਬਰਸਾਤ ਦੇ ਅੱਗੇ

ਪਤਾ ਰੁਕਣਾ ਨਹੀਂ ਫਿਰ ਵੀ ਹਵਾ ਨੂੰ 'ਵਾਜ਼ ਦਿੰਦਾ ਹੈ
ਕਿਸੇ ਦਾ ਜ਼ੋਰ ਨੀਂ ਚੱਲਦਾ ਕਦੇ ਜਜ਼ਬਾਤ ਦੇ ਅੱਗੇ


ਤੇਰੀ ਤਲਵਾਰ ਤੇਰੀ ਬਾਦਸ਼ਾਹਤ ਮੇਟ ਨੀਂ ਸਕਦੀ
ਲੈ ਮੇਰਾ ਸਿਦਕ ਖੜ੍ਹਿਆ ਹੈ ਤੇਰੀ ਔਕਾਤ ਦੇ ਅੱਗੇ

■

**(ਪੰਜਾਬ, ਇੰਡੀਆ)**

## ਜਗਦੀਸ਼ ਰਾਣਾ

# ਗ਼ਜ਼ਲ-1



ਮਜੂਰਾਂ ਦੀ, ਕਿਸਾਨਾਂ ਦੀ, ਕਹਾਣੀ ਕਾਮਗਾਰਾਂ ਦੀ
ਇਹ ਹਾਕਮ ਸਾਰ ਨਾ ਲੈਂਦਾ, ਨਾ ਕਰਦੈ ਗੱਲ ਉਦਾਰਾਂ ਦੀ

ਅਸੀਂ ਕਿੰਝ ਤੇਰੇ ਹੋ ਜਾਈਏ, ਮਿਲਾਈਏ ਹਾਂ 'ਚ ਹਾਂ ਕਿੱਦਾਂ
ਕਰੇਂ ਮਨਘੜਤ ਗੱਲਾਂ ਤੂੰ, ਅਸਾਂ ਦੀ ਗੱਲ ਵਿਚਾਰਾਂ ਦੀ

ਅਸਾਡੇ ਪੁਰਖਿਆਂ ਦੇ ਖ਼ੂਨ ਵਿਚ ਜੋ ਰੰਗੇ ਹੋਏ ਨੇ
ਵਧਾਈ ਨਾ ਦੇਵੋ ਮੈਨੂੰ ਅਜੇਹੇ ਦਿਨ-ਤਿਹਾਰਾਂ ਦੀ

ਫ਼ਿਰੰਗੀ ਤੁਰ ਗਏ ਕਦ ਦੇ ਮਗਰ ਇਸ ਮੁਲਕ ਦੇ ਅੰਦਰ
ਅਜੇ ਵੀ ਪਿਰਤ ਹੈ ਜਾਰੀ ਗ਼ਰੀਬਾਂ ਨੂੰ ਵਗਾਰਾਂ ਦੀ

ਅਸਾਡਾ ਖ਼ੂਨ ਵਿਦਰੋਹੀ ਅਸਾਡੇ ਹੌਸਲੇ ਉੱਚੇ
ਅਸਾਡੇ ਤੋਂ ਨਹੀਂ ਹੋਣੀ ਗ਼ੁਲਾਮੀ ਤਾਜ਼ਦਾਰਾਂ ਦੀ

ਅਮੀਰਾਂ ਦਾ ਉਹ ਪਿੱਠੂ ਹੈ, ਉਨ੍ਹਾਂ ਦੀ ਪਿੱਠ ਤੇ ਖੜ੍ਹਦਾ ਹੈ
ਕਰੇ ਗੱਲ ਜਲਸਿਆਂ ਵਿੱਚ ਉਂਜ, ਗ਼ਰੀਬਾਂ ਦੀ, ਸੁਧਾਰਾਂ ਦੀ

ਅਸੀਂ ਬੱਦਲ ਨਹੀਂ ਜਿਹੜੇ ਹਵਾ ਦੇ ਨਾਲ਼ ਉਡਜਾਂ 'ਗੇ
ਛੁਰੇ ਬਣ ਹਿੱਕ ਚ ਵੱਜਾਂਗੇ, ਵਿੰਨਾਂਗੇ ਹਿੱਕ ਗ਼ੱਦਾਰਾਂ ਦੀ

ਉਦ੍ਹੀ ਜ਼ਿੰਦਾਦਿਲੀ ਦਾ ਬਸ ਇਹੀ ਪ੍ਰਮਾਣ ਹੈ 'ਰਾਣੇ'
ਉਹ ਪਤਝੜ ਵਿਚ ਵੀ ਗੱਲ ਕਰਦਾ ਹੈ ਫੁੱਲਾਂ ਦੀ ਬਹਾਰਾਂ ਦੀ

■

(Village Saifi
Jallandhar-144024, Pb., India)

# ਗ਼ਜ਼ਲ–2

ਕੌਣ ਹੈ ਜੋ ਬਾਗ਼ 'ਚੋਂ ਮਹਿਕਾਂ ਚੁਰਾ ਕੇ ਲੈ ਗਿਆ
ਚੁੱਪ ਫ਼ੈਲੀ ਹੈ ਕੋਈ ਖ਼ੁਸ਼ੀਆਂ ਚੁਰਾ ਕੇ ਲੈ ਗਿਆ

ਹਰ ਸਫ਼ਾ ਭਰਿਆ ਪਿਆ ਤਾਰੀਫ਼ ਵਿੱਚ ਸਰਕਾਰ ਦੀ
ਕੋਈ ਤਾਂ ਅਖ਼ਬਾਰ ਚੋਂ ਖ਼ਬਰਾਂ ਚੁਰਾ ਕੇ ਲੈ ਗਿਆ

ਬੋਤਲਾਂ ਦਾ ਪੀਣ ਪਾਣੀ, ਇਹ ਭਲਾਂ ਜਾਣਨਗੇ ਕੀ
ਕਿੰਞ ਵਪਾਰੀ ਸਾਡੀਆਂ ਨਦੀਆਂ ਚੁਰਾ ਕੇ ਲੈ ਗਿਆ

ਰਿਸ਼ਤਿਆਂ ਵਿੱਚ ਆਪਣਾਪਣ ਹੁਣ ਕਿਤੇ ਦਿਸਦਾ ਨਹੀਂ
ਫ਼ੋਨ ਸਾਡੇ ਮੋਹ ਦੀਆਂ ਤੰਦਾਂ ਚੁਰਾ ਕੇ ਲੈ ਗਿਆ

ਅਕਲ ਦੇ ਅੰਨ੍ਹਿਆਂ ਨੂੰ ਅਕਸਰ, ਦਾਨ ਕਰ ਕੇ ਐਨਕਾਂ
ਰਾਜਨੀਤੀਵਾਨ ਫਿਰ ਅੱਖਾਂ ਚੁਰਾ ਕੇ ਲੈ ਗਿਆ

ਮਜ਼੍ਹਬਾਂ ਦੇ ਨਾਂ 'ਤੇ ਲੜਾ ਕੇ ਪਾ ਕੇ ਖ਼ੂਨੀ ਵੰਡੀਆਂ
ਇਉਂ ਫ਼ਿਰੰਗੀ ਸਾਡੀਆਂ ਸਾਂਝਾਂ ਚੁਰਾ ਕੇ ਲੈ ਗਿਆ

ਐ ਹਨੇਰਾ ਢੋਂਦੇ ਲੋਕੋ! ਇਹ ਕਦੀ ਤਾਂ ਸੋਚਣਾ
ਕੌਣ ਥੋਡੇ ਰਾਹਾਂ 'ਚੋਂ ਕਿਰਨਾਂ ਚੁਰਾ ਕੇ ਲੈ ਗਿਆ

ਸਖ਼ਸ਼ ਇਕ ਆਇਆ ਕਦੇ ਸੀ, ਜ਼ਿੰਦਗੀ ਵਿਚ ਦੋਸਤੋ
ਵਿਛੜਿਆ ਤਾਂ ਮੇਰੀਆਂ ਨੀਂਦਾਂ ਚੁਰਾ ਕੇ ਲੈ ਗਿਆ

ਹਿੰਮਤੀ ਸਨ, ਗ਼ੈਰਤੀ ਸਨ, ਜਾਏ ਇਸ ਮਿੱਟੀ ਦੇ ਪਰ
ਕੌਣ ਸਾਡੇ ਖ਼ੂਨ 'ਚੋਂ ਅਣਖਾਂ ਚੁਰਾ ਕੇ ਲੈ ਗਿਆ

ਬਾਲਿਆਂ ਦੀ ਛੱਤ ਦਾ ਟਿਕਣਾ ਤਾਂ ਫਿਰ ਸੰਭਵ ਨਾ ਸੀ
ਵਕ਼ਤ ਸਾਡੇ ਘਰ ਦੀਆਂ ਕੰਧਾਂ ਚੁਰਾ ਕੇ ਲੈ ਗਿਆ

ਹਰ ਤਰਫ਼ ਵੀਰਾਨੀਆਂ ਹਨ, ਹਰ ਤਰਫ਼ ਚੁੱਪ ਦਾ ਹੈ ਸ਼ੋਰ
ਮਾਲੀ 'ਤੇ ਇਲਜ਼ਾਮ ਹੈ ਕੂੰਜਾਂ ਚੁਰਾ ਕੇ ਲੈ ਗਿਆ

ਦੈਂਤ ਮਹਿੰਗਾਈ ਦਾ 'ਰਾਣੇ' ਘੁੰਮ ਰਿਹੈ ਬਾਜ਼ਾਰ ਵਿੱਚ
ਇਹ ਤਾਂ ਸਾਡੇ ਨਿੱਤ ਦੀਆਂ ਲੋੜਾਂ ਚੁਰਾ ਕੇ ਲੈ ਗਿਆ

■

ਜਗਵਿੰਦਰ ਜੋਧਾ

# ਗ਼ਜ਼ਲ



ਸਤੰਭਾਂ ਵਾਂਗ ਡਿਗੀਆਂ ਹਸਤੀਆਂ ਦਾ ਜ਼ਿਕਰ ਕਰਦਾ ਹੈ
ਉਹ ਜਦ ਬਰਬਾਦ ਹੋਈਆਂ ਬਸਤੀਆਂ ਦਾ ਜ਼ਿਕਰ ਕਰਦਾ ਹੈ

ਜ਼ਮੀਰਾਂ, ਅਜ਼ਮਤਾਂ, ਖ਼ੁੱਦਾਰੀਆਂ, ਸਵੈਮਾਨ, ਮਰਿਆਦਾ
ਵਪਾਰੀ ਰੋਜ਼ ਚੀਜ਼ਾਂ ਸਸਤੀਆਂ ਦਾ ਜ਼ਿਕਰ ਕਰਦਾ ਹੈ

ਪਹਾੜੀ ਸ਼ਹਿਰ ਦੇ ਹੋਟਲ 'ਚ ਸੈਲਾਨੀ ਕਵੀ ਅੱਜਕਲ
ਲਿਖੇ ਕਵਿਤਾ, ਤੇ ਵਿਚ ਤੰਗਦਸਤੀਆਂ ਦਾ ਜ਼ਿਕਰ ਕਰਦਾ ਹੈ

ਉਹ ਆਪਣੀ ਹਉਂ ਦੇ ਫੀਤੇ ਨਾਲ ਜਦ ਮਿਣਦਾ ਹੈ ਦੁਨੀਆ ਨੂੰ
ਤਾਂ ਵਿਚ-ਵਿਚ ਸਭ ਦੀਆਂ ਖ਼ੁਦਪ੍ਰਸਤੀਆਂ ਦਾ ਜ਼ਿਕਰ ਕਰਦਾ ਹੈ

ਉਦਾਸੇ ਨੈਣ, ਬੁਝਦੇ ਜਾ ਰਹੇ ਵਿਗਿਆਪਨੀ ਚਿਹਰੇ
ਮਗਰ ਮਜ਼ਮੂਨ ਹੈ ਕਿ ਮਸਤੀਆਂ ਦਾ ਜ਼ਿਕਰ ਕਰਦਾ ਹੈ


ਜਾਂ ਜਗਦੇ ਦੀਵਿਆਂ ਜਾਂ ਪੌਣ ਸਿਰ ਇਲਜ਼ਾਮ ਮੜ੍ਹ ਦੇਵੇ
ਜਦੋਂ ਅਖ਼ਬਾਰ ਸੜੀਆਂ ਬਸਤੀਆਂ ਦਾ ਜ਼ਿਕਰ ਕਰਦਾ ਹੈ

■

(Vill. & P.O.: Bundala-144034
Jallandhar, Pb., India)

# ਜਸਪਾਲ ਘਈ

# ਗ਼ਜ਼ਲ



ਕਿਸੇ ਹੱਦ ਤੋਂ ਅਗਾਂਹ ਲਫ਼ਜ਼ਾਂ ਤੋਂ ਵੀ ਜਾਇਆ ਨਹੀਂ ਜਾਂਦਾ
ਇਹ ਦਿਲ ਦਾ ਦਰਦ ਹੈ, ਗ਼ਜ਼ਲਾਂ ਚ ਉਲਥਾਇਆ ਨਹੀਂ ਜਾਂਦਾ

ਜੋ ਗੱਲਾਂ ਰੂਹ ਦੀਆਂ ਨੇ ਉਹ ਤਾਂ ਰੂਹ ਦੇ ਨਾਲ ਨੇ ਹੁੰਦੀਆਂ
ਦਿਲਾਂ ਦਾ ਗੀਤ ਕੰਧਾਂ ਸਾਹਮਣੇ ਗਾਇਆ ਨਹੀਂ ਜਾਂਦਾ

ਮੁਹੱਬਤ ਦੇ ਨਗਰ ਵਿਚ ਹਾਰ ਨੂੰ ਹੀ ਜਿੱਤ ਕਹਿੰਦੇ ਨੇ
ਤੇ ਇਸ ਨਗਰੀ ਚ ਸਿਰ ਜਾਂਦੇ ਨੇ, ਸਰਮਾਇਆ ਨਹੀਂ ਜਾਂਦਾ

ਜਦੋਂ ਚੁਪ ਬੋਲਦੀ ਹੋਵੇ, ਤੇ ਭੀੜਾਂ ਚੁੱਪ ਨਜ਼ਰ ਆਵਣ
ਠਠੰਬਰੇ ਵਕਤ ਤੋਂ ਵੀ ਤਦ ਅਗਾਂਹ ਜਾਇਆ ਨਹੀਂ ਜਾਂਦਾ

ਹਨੇਰੇ ਵੇਲਿਆਂ ਵਿਚ ਰਿਸ਼ਤਿਆਂ ਦੀ ਪਰਖ ਹੁੰਦੀ ਹੈ
ਹਨੇਰੀ ਜੂਹ ਦੇ ਵਿਚ ਤਾਂ ਰਿਸ਼ਤੇ ਕੀ, ਸਾਇਆ ਨਹੀਂ ਜਾਂਦਾ

■

**(ਪੰਜਾਬ, ਇੰਡੀਆ)**

## ਤ੍ਰੈਲੋਚਨ ਲੋਚੀ



# ਗ਼ਜ਼ਲ

ਮੰਨਿਆ ਉਸਨੂੰ ਕਿਸੇ ਚੀਜ਼ ਦਾ ਘਾਟਾ ਨਈਂ
ਫਿਰ ਕਿਓਂ ਉਸਦੀ ਨੀਤ ਦਾ ਭਰਦਾ ਬਾਟਾ ਨਈਂ

ਕਿਸੇ ਦੇ ਕੋਠੇ ਭਰ ਭਰ ਡੁੱਲ੍ਹੀ ਜਾਂਦੇ ਨੇ
ਕਿਸੇ ਦੇ ਘਰ ਵਿੱਚ ਚੂੰਡੀ ਭਰ ਵੀ ਆਟਾ ਨਈਂ

ਬੱਦਲ ਵੀ ਮਹਿਲਾਂ ਦੇ ਝੋਲੀ ਚੁੱਕ ਬਣੇ
ਪਿਆਸੀ ਧਰਤ 'ਤੇ ਵਰ੍ਹਦਾ ਕਿਤੇ ਛਰਾਟਾ ਨਈਂ

ਤਦ ਤਕ ਸਾਡੇ ਗਾਟੇ ਲਹਿੰਦੇ ਰਹਿਣੇ ਨੇ
ਜਦ ਤਕ ਰਲਕੇ ਲਾਹੁੰਦੇ ਉਹਦਾ ਗਾਟਾ ਨਈਂ


ਇਹ ਨਾ ਸਮਝੀਂ ਮੁਲਕ ਤੇਰਾ ਖੁਸ਼ਹਾਲ ਬੜਾ
ਜੇਕਰ ਤੇਰਾ ਝੱਗਾ ਕਿਤਿਓਂ ਪਾਟਾ ਨਈਂ

ਕਿਓਂ ਤੂੰ ਲੋਚੀ ਰਿਸ਼ਤੇ ਨਵੇਂ ਸਹੇੜ ਰਿਹੈਂ
ਤੇਰੇ ਕੋਲ ਤਾਂ ਅੱਥਰੂਆਂ ਦਾ ਘਾਟਾ ਨਈਂ

■

**(ਪੰਜਾਬ, ਇੰਡੀਆ)**

# ਤਖ਼ਤ ਸਿੰਘ



## ਗ਼ਜ਼ਲ-1

ਲਹੂ ਸਾਂ ਪੈਰਾਂ ਤੋਂ ਸਿਰ ਤਕ, ਇਵੇਂ ਹੀ ਹੋਣਾ ਸੀ
ਸਲੀਬ ਨੂੰ ਮੈਂ ਕਿਸ ਭਾਂਤ ਤਾਂ ਡੁਬੋਣਾ ਸੀ

ਪੁਰਾਣੇ ਭਾਵ ਜੇ ਸ਼ਬਦਾਂ ਦੇ ਜੰਗ ਖਾਧੇ ਸਨ
ਤਾਂ ਸ਼ਬਦ ਸ਼ਬਦ ਨਵੇਂ ਅਰਥ ਨਾਲ ਧੋਣਾ ਸੀ

ਜੋ ਪੂਰ ਵਾਂਗ ਜੁੜੇ ਸਨ, ਵਿਛੜ ਵੀ ਸਕਦੇ ਸਨ
ਵਿਛੜਦੇ ਪੂਰ ਨੂੰ ਥੋੜ੍ਹਾ ਕਿਸੇ ਨੇ ਰੋਣਾ ਸੀ

ਗਲਤ ਨਹੀਂ, ਤੁਸੀਂ ਫੁੱਲਾਂ ਨੂੰ ਬੀਜ ਸਕਦੇ ਸਾਉ
ਨ ਮੰਨੋ, ਫੇਰ ਵੀ ਥੋਹ੍ਰਾਂ ਨੇ ਉਗ ਖਲੋਣਾ ਸੀ

ਭਲਾ ਇਸੇ 'ਚ ਸੀ ਬੁੱਲ੍ਹਾਂ ਨੂੰ ਮੀਟ ਕੇ ਰਖਦਾ
ਜੇ ਮੇਰੇ ਅਹਿਦ 'ਚ ਦਾਖ਼ਿਲ ਕਿਸੇ ਨੇ ਹੋਣਾ ਸੀ

ਕਿਵੇਂ ਪਚਾਉਂਦੇ ਟਿਕਾਣੇ 'ਤੇ ਸਾਨੂੰ ਉਹ ਰਸਤੇ
ਜਿਨ੍ਹਾਂ ਨੇ ਆਪ ਹੀ ਸੰਘਣੇ ਵਣਾਂ 'ਚ ਖੋਣਾ ਸੀ

ਜੋ ਬੋਧ ਇੰਦ੍ਰੀਆਂ ਸਨ ਬਾਸੀਆਂ, ਪਰ੍ਹਾਂ ਸੁਟਦੇ
ਗਮਾਂ ਦੇ ਜ਼ਹਿਰ 'ਚੋਂ ਪ੍ਰਾਣਾਂ ਦਾ ਸ਼ਹਿਦ ਚੋਣਾ ਸੀ

ਸਵਖਤੇ ਪੌਣ ਨ ਵਗਦੀ ਕਿਵੇਂ ਠਰੰਮੇ ਨਾਲ
ਕਿ ਇਸ ਨੇ ਤੇਰੀਆਂ ਮਹਿਕਾਂ ਦਾ ਭਾਰ ਢੋਣਾ ਸੀ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਜੋ ਸਾਫ਼ ਹੋ ਜ਼ਮੀਰਾਂ ਟਟੋਲ ਕੇ ਵੇਖੋ
ਇਨ੍ਹਾਂ ਨੂੰ ਮਨ ਦੇ ਤਰਾਜੂ 'ਚ ਤੋਲ ਕੇ ਵੇਖੋ

ਤੁਹਾਡੇ, ਖ਼ੂਨ 'ਚੋਂ ਬੂ ਗੰਦਗੀ ਦੀ ਆਏਗੀ
ਇਦ੍ਹੇ 'ਚ ਮੈਲੀਆਂ ਨੀਤਾਂ ਘਚੋਲ ਕੇ ਵੇਖੋ

ਨ ਪੈਰਾਂ ਹੇਠ ਗੁਲਾਬਾਂ ਜਿਹੇ ਬਦਨ ਮਿੱਧੋ
ਨ ਹੱਥਾਂ ਨਾਲ ਖਿੜੇ ਦਿਲ ਮਧੋਲ ਕੇ ਵੇਖੋ

ਤੁਸੀਂ ਤਾਂ ਖੋਲ੍ਹਦੇ ਫਿਰਦੇ ਹੋ ਸਾਡੀਆਂ ਅੱਖਾਂ
ਰਤਾ ਕੁ ਅਪਣੀਆਂ ਅੱਖਾਂ ਵੀ ਖੋਲ੍ਹ ਕੇ ਵੇਖੋ

ਲਹੂ ਲਹੂ ਜਿਹਾ ਇਤਿਹਾਸ ਰਚ ਰਹੇ ਹੋ ਕਿਹਾ
ਕਿਤੋਂ ਤਾਂ ਇਸ ਦਾ ਕੋਈ ਪਤਰਾ ਫੋਲ ਕੇ ਵੇਖੋ

ਤੁਸੀਂ ਤਾਂ ਠੋਕਦੇ ਹੋ ਪਹਿਲਾਂ ਜੀਭ ਦੇ ਜੰਦਰੇ
ਫਿਰ ਆਖਦੇ ਹੋ ਕਿ ਹੁਣ ਵਿਸ ਵੀ ਘੋਲ ਕੇ ਵੇਖੋ

ਲਹੂ ਜੋ ਪੀਣ ਲਹੂ ਡੋਲ੍ਹਣੇ ਵੀ ਪੈਂਦੇ ਹਨ
ਪਰ ਇਉਂ ਅਜਾਈਂ ਤਾਂ ਨਾ ਡੋਲ੍ਹ ਡੋਲ੍ਹ ਕੇ ਵੇਖੋ

ਤੁਸੀਂ ਕਿਹੋ ਜਿਹੇ ਗੁੰਬਦ ਦੀ ਓਟ ਲੈ ਬੈਠੇ
ਤੁਹਾਡੀ ਗੂੰਜ ਹੀ ਦੱਸੇਗੀ, ਬੋਲ ਕੇ ਵੇਖੋ

ਘਟਾ ਸਿਰਾਂ, ਤੇ, ਟਟਹਿਣੇ ਅਲੋਪ, ਅੰਨ੍ਹੀ ਰਾਤ
ਕਿਤੋਂ ਮਸ਼ਾਲ ਲਹੂ 'ਚੋਂ ਹੀ ਟੋਲ ਕੇ ਵੇਖੋ

■

# ਤਰਲੋਚਨ ਮੀਰ



## ਗ਼ਜ਼ਲ-1

ਤਰ ਅੱਖ 'ਚ ਇਕ ਸੂਰਤ ਹਸਦੀ ਫਿਰਦੀ ਹੈ
ਸੋਗੀ ਵਿਹੜੇ ਮੁਜਰਾ ਕਰਦੀ ਫਿਰਦੀ ਹੈ

ਦਾਣੇ ਖਾ ਕੇ ਜਿੱਥੋਂ ਹੁਣ ਉੱਡੀ ਚਿੜੀਆ
ਮਾਂ ਓਥੋਂ ਵੀ ਸਿੱਟੇ ਚੁਗਦੀ ਫਿਰਦੀ ਹੈ

ਖੇਡਣ ਦਾ ਬਸ ਲਾਰਾ ਲੱਗੇ, ਏਹ ਸਮਝ ਕੇ
ਇਕ ਚੂਹੀ ਬਿੱਲੀ ਤੋਂ ਲੁਕਦੀ ਫ਼ਿਰਦੀ ਹੈ

ਘੁੱਗੂ ਬਿਨ ਮਾਰੇ ਪਿੰਡੋਂ ਲੰਘ ਜਾਂਦੀ ਸੀ
ਬਾਬੂ! ਹੁਣ ਤੇਰੇ ਲਈ ਰੁਕਦੀ ਫਿਰਦੀ ਹੈ

ਤੇਰੀ ਬੋਦੀ ਵੀ ਇਕ ਦਿਨ ਉੱਡ ਜਾਵੇਗੀ
ਜੇ ਹੁਣ ਟੋਪੀ ਪਗੜੀ ਰੁਲ਼ਦੀ ਫ਼ਿਰਦੀ ਹੈ

ਚਮਕ ਦਮਕ ਨੇ ਪਰਖਾਂ ਵਿਚ ਪਾਈ ਗ਼ੈਰਤ
ਤਿਤਲੀ ਫ਼ੁੱਲਾਂ ਦੇ ਸਾਏ ਮਿਣਦੀ ਫਿਰਦੀ ਹੈ

ਹਰ ਹਾਲ ਨਦੀ ਨੇ ਸਾਗਰ ਵਿੱਚ ਗਿਰਨਾ ਜੇ
ਰੇਤ ਅਕਾਰਨ ਹੀ ਬਸ ਖੁਰਦੀ ਫਿਰਦੀ ਹੈ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਥੋੜ੍ਹਾ ਜਿਹਾ ਖ਼ਾਮੋਸ਼ ਕੀ ਹੋਏ
ਤੇ ਉਸਨੇ ਸਮਝ ਲਿਆ ਅਣਹੋਏ

ਜ਼ਬਤ ਦੇਖ! ਅੱਖ ਨ ਤਰ ਕੀਤੀ
ਉਸਨੂੰ ਲਗਦਾ ਸੀ ਬਸ ਹੁਣ ਰੋਏ

ਖ਼ੁਸ਼ ਹਾਂ ਖੇਤਾਂ ਦੀ ਪਿਆਸ ਬੁਝੀ
ਬੇਸ਼ੱਕ ਪਾਣੀ ਘਰ 'ਚ ਛੱਤ ਚੋਏ

ਬਾਣੇ ਤਿਲਕ ਭੁਲੇਖਾ ਪਾ ਸਕਦੇ
ਜਿਉਂ ਹਰ ਬਨਵਾਸੀ ਨਾ ਰਾਮ ਹੋਏ

ਤੇਰੇ ਬੋਲ 'ਚ ਸਿਸਕਾਰੀ, ਨਫ਼ਰਤ
ਜਿਸ ਕਰਕੇ ਜ਼ਬਤ ਭੀੜ ਨੇ ਖੋਏ


ਹੁੰਦਾ ਰੇਪ ਘਰਾਂ 'ਚ ਸੜਦੀ ਮਮਤਾ
ਉਸਦਾ ਭਗਵਾਨ ਵੇਖ ਖੁਸ਼ ਹੋਏ

ਸ਼ਿਵ ਦੀ ਜਟ 'ਚੋਂ ਗੰਗਾ ਵਿਚ ਪੈ ਕੇ
ਤੀਰਥ ਉੱਤੇ ਆ ਕੇ ਜਲ ਰੋਏ

■

# ਤਜੱਮੁਲ ਕਲੀਮ

# ਗ਼ਜ਼ਲ



ਵਾਅਦੇ ਪੂਰੇ ਕਰ ਨਈਂ ਜਾਂਦਾ
ਸੋਚ ਰਿਹਾਂ ਕਿਉਂ ਮਰ ਨਈਂ ਜਾਂਦਾ

ਜਿਸ ਦਿਨ ਨਾ ਮਜ਼ਦੂਰੀ ਲੱਭੇ
ਬੂਹੇ ਵੱਲੋਂ ਘਰ ਨਈਂ ਜਾਂਦਾ

ਕਾਵਾਂ ਤੱਕ ਨੂੰ ਜ਼ਾਤ ਪਿਆਰੀ
ਬੰਦਾ ਸੁਣਕੇ ਮਰ ਨਈਂ ਜਾਂਦਾ

ਮੇਰਾ ਸੀਨਾ ਦਮ ਕਰਵਾਓ
ਮੇਰੇ ਅੰਦਰੋਂ ਡਰ ਨਈਂ ਜਾਂਦਾ

ਸਿਰ ਸਾਹਵਾਂ ਦੀ ਪੰਡ ਨੀ ਹੁੰਦੀ
ਮੁਰਦਾ ਐਵੇਂ ਤਰ ਨਈਂ ਜਾਂਦਾ

■

(ਪਾਕਿਸਤਾਨ)

ਤਾਹਿਰਾ ਸਰਾ



# ਗ਼ਜ਼ਲ

ਭਾਵੇਂ ਉਹਦੇ ਸਾਹਵੇਂ ਮੁੱਕਰ ਜਾਨੀ ਆਂ
ਸੱਚੀ ਗੱਲ ਏ ਮੈਂ ਵੀ ਓਦਰ ਜਾਨੀ ਆਂ

ਮੇਰੀ ਤਾਕਤ ਦਾ ਅੰਦਾਜ਼ਾ ਕੀ ਹੋਵੇ
ਰਸਮਾਂ ਵਿੱਚ ਈ ਖਿੱਲਰ ਪੁੱਲਰ ਜਾਨੀ ਆਂ

ਯਾਦ ਵੀ ਮਿਕਨਾਤੀਸੀ ਵਾਅ ਦਾ ਬੁੱਲਾ ਏ
ਜਿੱਧਰੋਂ ਆਵੇ ਓਧਰ ਉੱਲਰ ਜਾਨੀ ਆਂ

ਸਾਰੀ ਰਾਤ ਮੈਂ ਸੁਫ਼ਨੇ ਉਣਦੀ ਥੱਕਦੀ ਨਹੀਂ
ਦਿਨ ਚੜਦੈ ਤੇ ਖ਼ਵਰੇ ਕਿੱਧਰ ਜਾਨੀ ਆਂ

ਹੌਲੀ ਜਹੀ ਉਹ ਮੈਨੂੰ ਤਾਹਿਰਾ ਕਹਿੰਦਾ ਏ
ਉੱਡਦੀ ਉੱਡਦੀ ਅੰਬਰ ਤੀਕਰ ਜਾਨੀ ਆਂ

■

**(ਪਾਕਿਸਤਾਨ)**

# ਦਰਸ਼ਨ ਖਟਕੜ

# ਗ਼ਜ਼ਲ



ਸਿਰਲੱਥਾਂ ਦੀ ਬਸਤੀ ਦੇ ਵਿੱਚ ਹਰ ਹੀਲੇ ਹੀ ਜਾ ਆਈਂ
ਜਨਮਾਂ ਤੀਕਰ ਵਸ ਜਾਣੇ ਲਈ ਆਪਣਾ ਨਾਮ ਲਿਖਾ ਆਈਂ

ਦਰਵਾਜ਼ੇ 'ਤੇ ਜਦ ਵੀ ਕੋਈ ਪੁੱਛ ਗਿੱਛ ਹੋਈ ਝਿਜਕੀਂ ਨਾ
ਆਪਣਾ ਸੀਸ ਤਲੀ ਤੇ ਧਰਕੇ, ਆਪਣੀ ਸਨਦ ਦਿਖਾ ਜਾਈਂ

ਸਿਰ-ਸੱਖਣੀ ਧੜਦਾਰ ਸਭਾ ਵਿੱਚ ਸਿਰ ਖੁੱਸਣ ਦਾ ਖ਼ਤਰਾ ਹੈ
ਇਸ ਦੇ ਗੁੰਮ ਹੋ ਜਾਣ ਤੋਂ ਪਹਿਲਾਂ, ਓਸ ਸਭਾ 'ਚੋਂ ਆ ਜਾਈਂ

ਕੱਲੇ ਧੜ ਨੂੰ ਧੱਕੇ ਹੁੱਝਾਂ ਸਿਰ ਵਾਲੇ ਨੂੰ ਖ਼ਤਰਾ ਜਾਨ
ਬਚ ਰਹਿਣੇ ਦਾ ਲਾਲਚ ਕਰਦਾ, ਸਿਰ ਨਾ ਕਿਤੇ ਗੁਆ ਆਈਂ

ਉਸ ਨੂੰ ਨਾਲ ਲਈਂ ਨਾ ਮੂਲੋਂ ਪੈਰ ਪੈਰ ਤੇ ਵਰਜੇਗਾ
ਤੁਰਨ ਸਮੇਂ ਹੀ ਦੂਰ ਕਿਤੇ ਤੂੰ ਦੁਨੀਆਦਾਰ ਬਿਠਾ ਆਈਂ

ਚਾਨਣ ਦੇਣਾ ਤੇ ਕੱਟ ਹੋਣਾ ਦੋਵੇਂ ਕੰਮ ਹੀ ਸਿਰ ਜ਼ਿੰਮੇ
ਏਹੋ ਕਰਮ ਕਰਾਈਂ, ਇਸ ਗਲ੍ਹ ਹੋਰ ਨਾ ਝੰਜਟ ਪਾ ਆਈਂ

ਸਿਰਲੱਥਾਂ ਦੀ ਬਸਤੀ ਦੇ ਵਿੱਚ ਹਰ ਹੀਲੇ ਹੀ ਜਾ ਆਈਂ
ਜਨਮਾਂ ਤੀਕਰ ਵਸ ਜਾਣੇ ਲਈ ਆਪਣਾ ਨਾਮ ਲਿਖਾ ਆਈਂ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਘਿਰ ਵੀ ਹੈ ਪਰ ਕੌਣ ਕਹੇ ਕਿ ਧੀਅ ਸਿਰ ਤੇ ਇੱਕ ਕਰਜ਼ ਨਹੀਂ
ਮੁੱਕਰੇ ਕੌਣ ਕਿ ਤਹਿਜ਼ੀਬਾਂ ਨੂੰ ਸਦੀਆਂ ਤੋਂ ਇਹ ਮਰਜ਼ ਨਹੀਂ

ਥਾਣੇ ਅੰਦਰ ਵਿਚ ਕਚਹਿਰੀ ਅਖ਼ਬਾਰਾਂ ਦੇ ਪੰਨਿਆਂ 'ਤੇ
ਕੁੱਖ ਦੇ ਅੰਦਰ ਕਤਲ ਜੋ ਹੋਇਆ ਉਹ ਕਿਧਰੇ ਵੀ ਦਰਜ ਨਹੀਂ

ਚੰਗੀ ਚੀਜ਼ ਲਈ ਕਸ਼ਟ ਸਹੀਦੇ ਦੁਨੀਆਂਦਾਰੀ ਬੋਲ ਪਈ
ਇੱਕ ਦੋ ਦਿਨ ਬੱਸ ਦੇਹ ਦਾ ਦੁੱਖ ਹੈ ਹੋਰ ਤਾਂ ਕੋਈ ਹਰਜ ਨਹੀਂ

ਚਿੜੀਆਂ ਵਾਂਗੂੰ ਗਿਣਤੀ ਘੱਟ ਗਈ ਕੁੜੀਆਂ ਦੀ ਪਰ ਸੋਚੇ ਕੌਣ
ਅੰਮੀ ਦੇ ਢਿੱਡ ਹੌਲ ਨਹੀਂ ਹੈ ਤੇ ਬਾਬਲ ਨੂੰ ਗਰਜ ਨਹੀਂ

ਵੀਰੇ ਦੀ ਰੱਖੜੀ ਦੇ ਵੇਲੇ ਹੱਥ ਉਧਾਰੇ ਲੈ ਆਇਓ
ਸਾਡਾ ਅਣਜਾਈਆਂ ਦਾ ਕੀ ਹੈ ਮਿੰਨਤ ਨਹੀਂ ਤੇ ਅਰਜ਼ ਨਹੀਂ

ਸੌਦਾ, ਸੇਜ, ਦਹੇਜ, ਨੁਮਾਇਸ਼, ਕਿੰਨਾ ਬੋਝ ਹੈ ਜਣਨੀ 'ਤੇ
ਧੌਲਾ ਬੈਲ ਨਾ ਸਿੰਗ ਹਿਲਾਵੇ ਤੇ ਛੱਤਾਂ ਵਿਚ ਦਰਜ ਨਹੀਂ

ਘਿਰ ਵੀ ਹੈ ਪਰ ਕੌਣ ਕਹੇ ਕਿ ਧੀਅ ਸਿਰ ਤੇ ਇੱਕ ਕਰਜ਼ ਨਹੀਂ
ਮੁੱਕਰੇ ਕੌਣ ਕਿ ਤਹਿਜ਼ੀਬਾਂ ਨੂੰ ਸਦੀਆਂ ਤੋਂ ਇਹ ਮਰਜ਼ ਨਹੀਂ

■

**(ਪੰਜਾਬ, ਇੰਡੀਆ)**

# ਦੇਵਿੰਦਰ ਕੌਰ

## ਗ਼ਜ਼ਲ



ਸਾਜ਼ਿਸ਼ਾਂ ਨੇ ਸਾਜ਼ਿਸ਼ਾਂ ਜਾਂ ਮੌਸਮਾਂ ਦਾ ਸ਼ੌਰ ਹੈ
ਕਰ ਰਿਹਾ ਕੋਈ ਹੋਰ ਹੈ ਤੇ ਸਹਿ ਰਿਹਾ ਕੋਈ ਹੋਰ ਹੈ

ਰਾਤ ਦੀ ਰਾਣੀ ਨੇ ਹੱਸ ਕੇ ਜਦ ਫੁੱਲਾਂ ਨੂੰ ਕਿਹਾ
ਕਹਿਣ ਲੱਗੇ ਫੁੱਲ ਲਗਦੈ ਹਾਸਿਆਂ ਵਿਚ ਚੋਰ ਹੈ

ਸ਼ਾਮਿਆਨੇ ਜਸ਼ਨ ਦੇ ਜਦ ਨ੍ਹੇਰਿਆਂ ਵਿਚ ਖੋ ਗਏ
ਜ਼ਿੰਦਗੀ ਨੇ ਹੱਸ ਕਿਹਾ ਇਹ ਜ਼ਿੰਦਗੀ ਦੀ ਤੋਰ ਹੈ

ਭੇਸ ਵੱਟ ਕੇ ਜੇ ਮਦਾਰੀ ਸੰਤ ਚੋਲਾ ਪਹਿਣ ਲਏ
ਸਮਝ ਲਉ ਫਿਰ ਧੋਖਿਆਂ ਤੇ ਵਾਦਿਆਂ ਦਾ ਦੌਰ ਹੈ


ਸੱਚ ਲੱਭਣ ਤੁਰ ਪਏ ਤਾਂ ਮਨ ਦੀ ਜੀਭਾ ਨੇ ਕਿਹਾ
ਹਵਾ ਭੁੱਖੀ ਝੂਠ ਦੀ ਜੋ ਵਗ ਰਹੀ ਮੂੰਹ ਜ਼ੋਰ ਹੈ

ਸਾਜ਼ਿਸ਼ਾਂ ਨੇ ਸਾਜ਼ਿਸ਼ਾਂ ਜਾਂ ਮੌਸਮਾਂ ਦਾ ਸ਼ੌਰ ਹੈ
ਕਰ ਰਿਹਾ ਕੋਈ ਹੋਰ ਹੈ ਤੇ ਸਹਿ ਰਿਹਾ ਕੋਈ ਹੋਰ ਹੈ

■

**(ਯੂ.ਕੇ.)**

# ਦੀਪਕ ਜੈਤੋਈ



## ਗ਼ਜ਼ਲ

ਚਮਨ ਵਾਲੇ; ਚਮਨ ਖ਼ੁਦ ਹੀ ਉਜਾੜਣਗੇ-ਨਜ਼ਰ ਆਉਂਦੈ
ਦਰਿੰਦੇ ਖੁੱਲ ਖੇਲਣਗੇ; ਦਹਾੜਣਗੇ-ਨਜ਼ਰ ਆਉਂਦੈ

ਤੂੰ ਕੀ ਰੱਬ ਏਂ, ਕੀ ਦੁਨੀਆਂ ਹੈ ਤਿਰੀ, ਕੀ ਹਨ ਤਿਰੇ ਬੰਦੇ
ਤਿਰੇ ਬੰਦੇ ਹੀ ਤੇਰੀ ਦੁਨੀਆਂ ਸਾੜਣਗੇ-ਨਜ਼ਰ ਆਉਂਦੈ

ਤਿਰੀ ਦਰਿਆ-ਦਿਲੀ ਦਾ ਸਾਕੀਆ! ਸਿੱਟਾ ਬੁਰਾ ਨਿਕਲੂ
ਇਹ ਬੇ-ਸਬਰੇ ਤੇਰਾ ਹੁਲੀਆ ਵਿਗਾੜਣਗੇ-ਨਜ਼ਰ ਆਉਂਦੈ

ਕੋਈ ਪੰਛੀ ਨਹੀਂ ਬਚਣਾ ਨਾ -ਬਚਣੈਂ ਆਹਲਣਾ ਕੋਈ
ਝਖੜੇ ਹੁਣ ਜੜ੍ਹੋਂ ਬੂਟੇ ਉਖਾੜਣਗੇ-ਨਜ਼ਰ ਆਉਂਦੈ

ਬੜੇ ਮਸ਼ਹੂਰ ਹਨ ਮਾਲੀ; ਖ਼ੁਦਾ ਜਾਣੇ ਕੀ ਕਰ ਗੁਜ਼ਰਨ
ਨਹੱਕੇ ਪੰਛੀ; ਮੁੜ ਪਿੰਜਰੇ 'ਚ ਤਾੜਣਗੇ-ਨਜ਼ਰ ਆਉਂਦੈ

ਕੁਚਲ ਕੇ ਅਧਖਿੜੇ ਗ਼ੁੰਚੇ, ਮਸਲ ਕੇ ਖ਼ੁਸ਼-ਨੁਮਾ ਕਲੀਆਂ
ਖ਼ਰੂਦੀ; ਮੁੜ ਕਲੇਜਾ ਰੱਬ ਦਾ ਪਾੜਣਗੇ-ਨਜ਼ਰ ਆਉਂਦੈ

ਜਨੂੰਨੀ, ਇਸ਼ਕ ਦੇ ਜਜ਼ਬਾਤ ਪਹਿਲਾਂ ਹੀ ਲਤੜਦੇ ਸਨ
ਦੁਬਾਰਾ ਫਿਰ 'ਲਤਾੜਣਗੇ-ਲਤਾੜਣਗੇ'-ਨਜ਼ਰ ਆਉਂਦੈ

ਤੁਅੱਸਬ ਵਿੱਚ ਭਰੇ, ਲਾਲਚ 'ਚ ਅੰਨ੍ਹੇ, ਭੁੱਖੇ ਸ਼ੁਹਰਤ ਦੇ
ਮੁਹੱਬਤ, ਤੱਕੜੀ ਵਿੱਚ ਧਰਕੇ ਹਾੜਣਗੇ-ਨਜ਼ਰ ਆਉਂਦੈ

ਇਹਨਾਂ ਮਜ਼ਹਬ-ਪ੍ਰਸਤਾਂ ਦੇ ਇਰਾਦੇ ਨੇਕ ਨਈਂ 'ਦੀਪਕ'
ਇਹ ਫਿਰ ਇਨਸਾਨੀਅਤ ਸੂਲੀ ਤੇ ਚਾੜ੍ਹਣਗੇ-ਨਜ਼ਰ ਆਉਂਦੈ

■

**(ਪੰਜਾਬ, ਇੰਡੀਆ)**

# ਦਲਜਿੰਦਰ ਰਹਿਲ



## ਗ਼ਜ਼ਲ

ਯੁਗਾਂ ਯੁਗਾਂ ਤੋਂ ਬੁਝੀ ਅਜੇ ਨਾ, ਦਰਿਆਵਾਂ ਦੀ ਪਿਆਸ
ਤਾਹੀਓਂ ਪੈਰੀਂ ਸਫ਼ਰ ਅਸਾਂ ਦੇ, ਲੇਖਾਂ ਵਿੱਚ ਪਰਵਾਸ

ਬੇਸ਼ੱਕ ਦਰਿਆ ਮੁੱਕ ਜਾਂਦੇ ਨੇ, ਸਾਗਰ ਦੇ ਵਿੱਚ ਜਾਕੇ
ਪਰਤਣਗੇ ਫਿਰ ਸਾਵਣ ਬਣਕੇ, ਧਰਤ ਨੂੰ ਰਹਿੰਦੀ ਆਸ

ਇੱਕੋ ਛੱਤ ਦੇ ਥੱਲੇ ਰਹਿ ਕੇ, ਧਰਤ ਅਕਾਸ਼ ਦੀ ਦੂਰੀ
ਦਿਲ ਨਾਲ ਜੇਕਰ ਦਿਲ ਨਹੀਂ ਮਿਲਦੇ, ਕਦ ਹੁੰਦੇ ਨੇ ਪਾਸ

ਜੀਅ ਕੇ ਮਰਨਾ, ਮਰ ਕੇ ਜੀਣਾ, ਜੀਣਾ ਅਸਲ ਹੈ ਯਾਰੋ
ਢੋਂਦਾ ਰਹਿੰਦੈ ਉਂਝ ਹਰ ਕੋਈ, ਆਪੋ ਆਪਣੀ ਲਾਸ਼

ਡਰ ਹੈਂ ਕਿਧਰੇਂ ਖੋਂ ਨਾ ਜਾਏਂ, ਸਾਥੋਂ ਓ ਅ
ਸ਼ਬਦ ਗੁਰੂ ਹੈ ਰਾਖਾ ਇਸਦਾ, ਇਹ ਵੀ ਹੈ ਵਿਸ਼ਵਾਸ਼

■

**(ਇਟਲੀ)**

# ਨਵ ਸੰਗੀਤ ਸਿੰਘ (ਪ੍ਰੋ.)



## ਗ਼ਜ਼ਲ–1

ਘਸਦੇ–ਘਸਾਉਂਦੇ ਕ਼ਲਮਾਂ, ਬੀਤੇ ਨੇ ਸਾਲ ਸੱਤਰ
ਲੈ–ਦੇ ਕੇ ਬੱਸ ਮਿਲੇ ਨੇ, ਕੁਝ ਮੈਨੂੰ ਮਾਣ–ਪੱਤਰ

ਹੋਇਆ ਵੀ ਕੀ ਜੇ ਮਿੱਤਰ, ਬੰਜਰ ਹੈ ਭੋਇੰ ਜੇਕਰ
ਮੁੜ੍ਹਕਾ ਤੇ ਰੱਤ ਦੇ ਕੇ, ਕਰ ਲੈ ਤੂੰ ਇਸ ਨੂੰ ਵੱਤਰ

ਤੁਰਿਆ ਉਹ ਬੇਪਛਾਤਾ, ਦੁਨੀਆਂ–ਜਹਾਨ ਵਿੱਚੋਂ
ਰੱਖਦਾ ਸੀ ਜੋ ਹਮੇਸ਼ਾ, ਜੇਬੀਂ ਪਛਾਣ–ਪੱਤਰ

ਮਰਦੇ ਅਨੇਕਾਂ ਲੋਕੀਂ, ਖ਼ਬਰਾਂ ਵਿਹੂਣੇ ਮਰਦੇ
ਰਾਜੇ ਦੀ ਮੋਈ ਮੈਨਾ, ਖ਼ਲਕਤ ਹੋਈ ਇਕੱਤਰ

ਪੁੱਛੋ ਨ ਖ਼ੌਫ਼ ਕੈਸਾ, ਜ਼ਿਹਨਾਂ 'ਤੇ ਭਾਰੂ ਹੋਇਐ
ਬੰਦੇ ਨੂੰ ਵੇਖ ਬੰਦਾ, ਜਾਂਦਾ ਹੈ ਹੁਣ ਭਮੱਤਰ

'ਸੰਗੀਤ' ਸੀ ਥਿਰਕਦਾ, ਰੂਹਾਂ 'ਚ ਦੋਹਾਂ ਦੇ ਹੀ
ਮਹਿਕਾਂ–ਵਿਹੂਣੇ ਹੋਏ, ਅੱਜ ਸਾਰੇ ਪ੍ਰੇਮ–ਪੱਤਰ

■

(Deptt. of Punjabi Postgraduate
Akal University
Talwandi Sabo-151302
Bathinda, Pb., India)

# ਗ਼ਜ਼ਲ-2

ਦੇਸ਼ ਮਿਰੇ ਦਾ ਹਾਕਮ ਕੋਈ ਔਰੰਗਾ ਹੈ
ਚਰਚਾ ਚਾਰੇ ਪਾਸੇ: ਸਭ ਕੁਝ ਚੰਗਾ ਹੈ

ਹਥਿਆ ਲਈ ਹੈ ਚੌਧਰ ਸਾਜ਼ਿਸ਼ ਰਚ ਕੇ ਤੇ
ਅੱਜਕੱਲ੍ਹ ਹਰ ਇੱਕ ਨਾਲ਼ ਉਹ ਲੈਂਦਾ ਪੰਗਾ ਹੈ

ਸਿੱਧੀ ਉਂਗਲ ਨਾਲ਼ ਘਿਓ ਨਹੀਂ ਨਿਕਲੇਗਾ
ਟੇਢੀ ਕਰਨੀ ਪਊ ਇਹ ਜਾਰ ਕੁਢੰਗਾ ਹੈ

ਘਰ ਅੰਦਰ ਦੜ ਵੱਟ ਕੇ ਪੈਣਾ ਰਹਿਣਾ ਹੈ
ਸ਼ਹਿਰ-ਸ਼ਹਿਰ ਤੇ ਗਲ਼ੀ-ਗਲ਼ੀ ਵਿੱਚ ਦੰਗਾ ਹੈ

ਭੇਖ ਬਦਲਦਾ ਨਿੱਤ ਤੇ ਕਰਦਾ ਮਨ-ਆਈਆਂ
ਗਿਰਗਿਟ ਨਾਲ਼ੋਂ ਵਧ ਕੇ ਰੰਗ-ਬਿਰੰਗਾ ਹੈ

ਕੁੱਤੇ ਸੌਂਦੇ ਮਹਿਲੀਂ ਖਾਂਦੇ ਬਿਸਕੁਟ ਨੇ
ਆਮ ਆਦਮੀ ਐਪਰ ਭੁੱਖਾ-ਨੰਗਾ ਹੈ

ਤਖ਼ਤ ਤੇ ਤਖ਼ਤ-ਨਸ਼ੀਂ ਉਚੇਰੇ ਹੋ ਗਏ ਨੇ
ਮਾਣ ਦੇਸ਼ ਦਾ ਪੈਰੀਂ ਰੁਲ਼ੇ ਤਿਰੰਗਾ ਹੈ

ਪਾਣੀ ਜ਼ਹਿਰੀ ਹੋਏ ਸਭ ਦਰਿਆਵਾਂ ਦੇ
ਕਹਿਣ ਨੂੰ ਪਾਕ-ਪਵਿੱਤਰ ਮਈਆ ਗੰਗਾ ਹੈ

'ਨਵ ਸੰਗੀਤ' ਦੀ ਉਲਫ਼ਤ ਦਾ ਹੈ ਹਾਲ, ਜਿਵੇਂ
ਦੀਪਕ ਉੱਤੇ ਸੜਦਾ ਆਣ ਪਤੰਗਾ ਹੈ

■

# ਨਿਰੰਜਣ ਬੋਹਾ



# ਗ਼ਜ਼ਲ

ਨਾ ਹੀ ਰਹੀਆਂ ਨਿੱਘੀਆਂ ਧੁੱਪਾਂ, ਨਾ ਹੀ ਰਹੀਆਂ ਛਾਵਾਂ
ਚੜ੍ਹ ਆਈਆਂ ਨੇ ਚਾਰ ਚੁਫੇਰੇ, ਜ਼ੁਲਮੀ ਘੋਰ ਘਟਾਵਾਂ

ਵਿਸ਼ਵ ਨਗਰ ਦਾ ਬਣ ਕੇ ਵਾਸੀ, ਹੋਂਦ ਗੁਆਚੀ ਏਦਾਂ
ਆਪਣਾ ਹੀ ਨਹੀਂ ਲੱਗਦਾ ਜਿਹੜਾ ਨਾਲ ਤੁਰੇ ਪਰਛਾਵਾਂ

ਨਾ ਬੂਹਾ ਨਾ ਬਾਰੀ ਖੁੱਲ੍ਹੀ, ਰੋਸ਼ਨਦਾਨ ਨਾ ਕੋਈ
ਖੁਦਕਸ਼ੀ ਤਾਂ ਕਰਨੀ ਹੀ ਸੀ, ਫੇਰ ਕੁਆਰੇ ਚਾਵਾਂ

ਫੇਸਬੁਕ ਤੇ ਈਮੇਲ ਨੇ, ਲਈਆਂ ਨਿਗਲ ਉਡੀਕਾਂ
ਐਵੇਂ ਕਿਉਂ ਪਿਆ ਝਿੜਕਾਂ ਖਾਵੇਂ, ਬੈਠ ਬਨੇਰੇ ਕਾਵਾਂ

ਮਨ ਤੇ ਤਨ ਦੀ ਭੋਰਾ ਦੂਰੀ, ਮੇਟ ਸਕੇ ਨਾ ਜਿਹੜਾ
ਉਹ ਪਿੰਡੇ ਦਾ ਮਾਲਕ ਬਣਦੈ, ਲੈ ਕੇ ਚਾਰ ਕੁ ਲਾਵਾਂ

ਹੈ ਅਫਸੋਸ ਕਿ ਕੁੱਖ 'ਚ ਸੂਲੀ, ਚੜ੍ਹ ਜਾਵਣ ਉਹ ਧੀਆਂ
ਅੰਬਰ ਦੀ ਛਾਤੀ 'ਤੇ ਜਿੰਨ੍ਹਾਂ, ਲਿਖਣਾ ਸੀ ਸਿਰਨਾਵਾਂ

'ਫਿੱਗਰ' ਦੀ ਜੋ ਚਿੰਤਾ ਕਰਦੀ, ਮਾਂ ਨਈਂ ਹੋਰ ਕੁਈ ਹੋਊ
ਗਿੱਲੀ ਥਾਂ 'ਤੇ ਸੌਣ ਜਿਹੜੀਆਂ, ਹੁੰਦੀਆਂ ਨੇ ਉਹ ਮਾਵਾਂ

ਲੋਕ ਰਾਜ ਤੇ ਜੋਕ ਰਾਜ ਵਿਚ, ਇੱਕ ਅੱਖਰ ਦਾ ਉਹਲਾ
ਸਭ ਕੁਝ ਸਮਝਾਂ, ਸਭ ਕੁਝ ਜਾਣਾਂ, ਫਿਰ ਧੋਖਾ ਖਾ ਜਾਵਾਂ

ਸ਼ਿਵ ਤੇ ਵਾਰਸ ਇਕ ਪਾਸੇ ਨੇ, ਦੂਜੇ ਪਾਸ਼ ਉਦਾਸੀ
ਬਿਰਹਾ-ਵਸਲਾਂ ਨੂੰ ਛੱਡ ਪਾਸੇ, ਵੱਲ 'ਨਿਰੰਜਣ' ਧਾਵਾਂ

■

(Ward #11, Boha Mandi-151503
Mansa, Pb., India)

ਨਿਰਮਲਾ ਗਰਗ ਨਿੰਮੋਂ



# ਗ਼ਜ਼ਲ

ਬੜੇ ਮੈਂ ਸ਼ਹਿਨਸ਼ਾਹ ਵੇਖੇ, ਤੇ ਫੰਨੇ ਖਾਂ ਵੀ ਵੇਖੇ ਨੇ
ਕਸੌਟੀ ਤੇ ਨਾ ਉਹ ਇਨਸਾਨੀਅਤ ਦੀ ਪੂਰੇ ਉਤਰੇ ਨੇ

ਕਿਤੇ ਪਾਣੀ ਦੀ ਥਾਂ ਧਰਤੀ ਤੇ ਦੁੱਧ ਡੁੱਲ੍ਹ ਡੁੱਲ੍ਹ ਕੇ ਰੁਲਦਾ ਹੈ
ਕਿਤੇ ਪੈਰੋਂ ਤੇ ਤੇੜੋਂ ਨੰਗੇ ਬੱਚੇ ਭੁੱਖੇ ਰੁਲਦੇ ਨੇ

ਰਜਾਈਆਂ ਹਨ ਕਿਤੇ ਤਾਂ ਸਰਦੀਆਂ ਵਿੱਚ ਰੇਸ਼ਮੀ ਨਿੱਘੀਆਂ
ਕਿਤੇ ਬੇਵੱਸ ਭਿਖਾਰੀ ਬੋਰੀਆਂ ਹੀ ਲੈ ਕੇ ਸੌਂਦੇ ਨੇ

ਮੈਂ ਸ਼ਾਹੂਕਾਰ ਦੀ ਹੱਟੀ ਤੇ ਰੁਲਦਾ ਵੇਖਿਐ ਬਚਪਨ
ਕਿਤੇ ਸੜਕਾਂ ਤੇ ਕੂੜਾ ਫੋਲਦੇ ਮਾਸੂਮ ਮਿਲਦੇ ਨੇ

ਜਿੰਨ੍ਹਾਂ ਜਾਣੈ ਸਕੂਲੇ, ਮਾਂਜਦੇ ਹਨ ਜੂਠੇ ਭਾਂਡੇ ਹੀ
ਤੇ ਜਾਂ ਇਹ ਬਾਲ-ਕਾਮੇ ਭੱਠਿਆਂ ਤੇ ਇੱਟਾਂ ਪੱਥਦੇ ਨੇ

ਗਰੀਬੀ ਦੇ ਦੁੱਖੋਂ ਬਚਪਨ ਨਸ਼ੇੜੀ ਹੁੰਦਾ ਜਾਂਦਾ ਹੈ
ਇਹ ਧੀਮਾ ਜ਼ਹਿਰ ਪੀ ਕੇ ਰੋਜ਼ ਉਹ ਮਰ ਮਰ ਕੇ ਜੀਂਦੇ ਨੇ


ਮੈਂ ਆਪਣੇ ਰਹਿਬਰਾਂ ਤੋਂ ਨਿਰਮਲ ਬਸ ਇਹੋ ਪੁੱਛਦੀ ਹਾਂ
ਉਨ੍ਹਾਂ ਦੇ ਸੀਨਿਆਂ ਵਿੱਚ ਦਿਲ ਨੇ ਜਾਂ ਪੱਥਰ ਹੀ ਰੱਖੇ ਨੇ

■

(G-27, Majithia Enclave
Near 24 No. Phatak
Patiala-147005, Pb.
India)

ਪਾਸ਼

# ਗ਼ਜ਼ਲ



ਦਹਿਕਦੇ ਅੰਗਿਆਰਾਂ ਤੇ ਸਉਂਦੇ ਰਹੇ ਨੇ ਲੋਕ
ਇਸ ਤਰ੍ਹਾਂ ਵੀ ਰਾਤ, ਰੁਸ਼ਨਾਉਂਦੇ ਰਹੇ ਨੇ ਲੋਕ

ਨਾ ਕਤਲ ਹੋਏ, ਨਾ ਹੋਵਣਗੇ ਇਸ਼ਕ ਦੇ ਗੀਤ ਇਹ
ਮੌਤ ਦੀ ਸਰਦਲ ਤੇ ਬਹਿ, ਗਾਉਂਦੇ ਰਹੇ ਨੇ ਲੋਕ

ਨ੍ਹੇਰੀਆਂ ਨੂੰ ਜੇ ਭੁਲੇਖਾ ਹੈ, ਹਨੇਰਾ ਪਾਉਣ ਦਾ
ਨ੍ਹੇਰੀਆਂ ਨੂੰ ਰੋਕ ਵੀ, ਪਾਉਂਦੇ ਰਹੇ ਨੇ ਲੋਕ

ਜ਼ਿੰਦਗੀ ਦਾ ਜਦ ਕਦੇ, ਅਪਮਾਨ ਕੀਤਾ ਹੈ ਕਿਸੇ
ਮੌਤ ਬਣ ਕੇ ਮੌਤ ਦੀ, ਆਉਂਦੇ ਰਹੇ ਨੇ ਲੋਕ

ਤੋੜ ਕੇ ਮਜਬੂਰੀਆਂ ਦੇ, ਸੰਗਲਾਂ ਨੂੰ ਆਦਿ ਤੋਂ
ਜ਼ੁਲਮ ਦੇ ਗਲ ਸੰਗਲੀ, ਪਾਉਂਦੇ ਰਹੇ ਨੇ ਲੋਕ

■

**(ਪੰਜਾਬ, ਇੰਡੀਆ)**

ਪਾਲ ਗੁਰਦਾਸਪੁਰੀ

# ਗ਼ਜ਼ਲ



ਸਮਝ ਗਈਆਂ ਨੇ ਨੀਅਤ ਭੰਵਰਿਆਂ ਦੀ ਤਿਤਲੀਆਂ ਆਖ਼ਿਰ
ਚੁਰਾਈ ਸਾਰੀ ਖ਼ੁਸ਼ਬੂ ਜਦ ਤਾਂ ਕਲੀਆਂ ਤੜਫ਼ੀਆਂ ਆਖ਼ਿਰ

ਛੁਪਣ ਵੀ ਤਾਂ ਛੁਪਣ ਕਿੱਥੇ, ਪਿਆ ਹੈ ਸਹਮਿਆ ਜੀਣਾ
ਮਗਰਮੱਛਾਂ ਤੋਂ ਡਰ ਕੇ ਮਛਲੀਆਂ ਨੇ ਮਰਦੀਆਂ ਆਖ਼ਿਰ

ਉਹ ਬੁੱਧੀਜੀਵੀ ਲਾਲਚ ਵਿੱਚ ਫਸੇ, ਪਿੰਜਰੇ 'ਚ ਜਾ ਬੈਠੇ
ਕਫ਼ਨ ਵਿੱਚ ਲਿਪਟੀਆਂ ਪਈਆਂ ਜ਼ਮੀਰਾਂ ਗਰਕੀਆਂ ਆਖ਼ਿਰ

ਤਿਜੌਰੀ ਭਰ ਲਈ ਮਜਬੂਰੀਆਂ ਦੇ ਮੌਸਮਾਂ ਵਿੱਚ ਤੂੰ
ਤਮੰਨਵਾਂ ਅਖੀਰਾਂ ਤੀਕ ਕਿਉਂ ਨਹੀਂ ਮਰਦੀਆਂ ਆਖ਼ਿਰ


ਹਵਾ ਗੰਧਲੀ ਹੈ ਹਰ ਪਾਸੇ, ਕੁਸ਼ਾਸਨ ਹੈ, ਕੁਪੋਸ਼ਨ ਹੈ
ਸਰੀਰਾਂ ਵਿੱਚ ਭਲਾ ਕਿਉਂ ਹੱਡੀਆਂ ਹੀ ਦਿਸਦੀਆਂ ਆਖ਼ਿਰ

ਜਦੋਂ ਸੜਕਾਂ ਕਿਨਾਰੇ ਦੁਖ ਭਰੇ ਮੰਜ਼ਰ ਮੈਂ ਨਿੱਤ ਵੇਖਾਂ
ਸਿਧਾਰਥ ਵਾਂਗ ਮੇਰੀਆਂ ਭਾਵਨਾਵਾਂ ਮਰਦੀਆਂ ਆਖ਼ਿਰ

■

(House#480
New Shastri Nagar
Pathankot-145001, Pb., India)

# ਪ੍ਰਕਾਸ਼ ਸੋਹਲ



## ਗ਼ਜ਼ਲ

ਇਕ ਦੇ ਭਾਣੇ ਹੋਇਆ ਭਗੌੜਾ, ਦੂਜੇ ਲਈ ਮੈਂ ਘਰ ਮੁੜ ਆਇਆ
ਇਕ ਲਈ ਜੇ ਦੇਸ਼ ਭਗਤ ਹਾਂ, ਦੂਜੇ ਅੱਤਵਾਦੀ ਠਹਿਰਾਇਆ

ਅਪਣਾ ਅਪਣਾ ਨਜ਼ਰੀਆ ਹੈ, ਅੱਧ ਭਰਿਆ ਜਾਂ ਅੱਧਾ ਖਾਲੀ
ਖਾਲੀ ਵਾਲੇ ਹੋਰ ਹੋਣਗੇ, ਅਸਾਂ ਭਰਿਆਂ ਵਿੱਚ ਨਾਮ ਲਿਖਾਇਆ

ਲ਼ਾਰੇ-ਲੱਪੇ, ਵਾਅਦੇ-ਕਸਮਾਂ, ਤੇ ਸਹਿੰਦੀ ਸਹਿੰਦੀ ਗੱਪ ਸ਼ੱਪ ਵੀ
ਜੋ ਮਿਲਿਆ ਉਹਨੂੰ ਸੱਚ ਜਾਣ ਕੇ, ਅੱਖਾਂ ਮੀਟ ਗਲੇ ਨਾਂ ਲਾਇਆ

ਜੇਕਰ ਮਨ ’ਤੇ ਕਾਬੂ ਰੱਖਦਾ, ਥੋੜੇ ਵਿੱਚ ਗੁਜ਼ਾਰਾ ਕਰਦੇ
ਬਹੁਤਾ ਬਹੁਤਾ ਕਰਦੇ ਨੇ ਮੈਂ, ਪਾਣੀ ਲੱਸੀ ਦਾ ਫ਼ਰਕ ਮਿਟਾਇਆ

ਬਹਿਰਾਂ ਦੀ ਬੰਦਿਸ਼ ਵਿਚ ਰਹਿ ਕੇ, ਜਦ ਮੈਨੂੰ ਗੱਲ ਕਰਨੀ ਆਈ
ਸ਼ਾਇਰੀ ਮੇਰੀ ਏਦਾਂ ਹੋਈ, ਜਿਉਂ ਹੂਰ ਪਰੀ ਨੇ ਘੁੰਢ ਉਠਾਇਆ

ਪਿੰਡ ਦੀ ਯਾਦ ਜਦੋਂ ਆਉਂਦੀ ਹੈ, ਦਿਲ ਚੋਂ ਧਾਹ ਨਿਕਲਦੀ ਮੇਰੇ
ਸ਼ਿਕਵਾ ਹੈ ਤਾਂ ਹੈ ਅਪਣੇ ਸਿਰ ਕਿਉਂ ਮੈਂ ਉਠ ਪਰਦੇਸੀਂ ਧਾਇਆ

ਬਾਬੇ, ਸਾਧਾਂ, ਸੰਤਾਂ ਦੀ ਮੈਂ, ਸੰਗਤ ਕਰਕੇ ਦੇਖ ਲਈ ਹੈ
ਖ਼ੁਦ ਭੁੱਲੇ ਪਰ ਰੌਲਾ ਪਾਉਂਦੇ ਜਿਉਂ ਖਾਲੀ ਡੱਬੇ ਸ਼ੋਰ ਮਚਾਇਆ

ਘਰ ਗ੍ਰਿਸਤੀ ਤੋਂ ਵੱਧ ਕੇ ਕੋਈ ਮੈਨੂੰ ਧਰਮ ਨਜ਼ਰ ਨਾ ਆਉਂਦਾ
ਬਾਕੀ ਸਭ ਨੇ ਧਰਮ ਦੁਕਾਨਾਂ, ਰੱਬ ਵੇਚਣ ਨੂੰ ਮਜਮਾ ਲਾਇਆ

■

**(ਯੂ.ਕੇ.)**

ਫ਼ੀਰੋਜ਼ਦੀਨ ਸ਼ਰਫ਼

# ਗ਼ਜ਼ਲ



ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ
ਹਾਂ ਮੈਂ ਪੇਂਡੂ ਪਰ ਸ਼ਹਿਰੀਏ ਢੰਗ ਦਾ ਹਾਂ

ਸਮਝਾਂ ਉਰਦੂ, ਹਿੰਦੀ ਵੀ ਖ਼ੂਬ ਬੋਲਾਂ
ਥੋੜੀ ਬਹੁਤ ਅੰਗਰੇਜ਼ੀ ਵੀ ਅੰਗਦਾ ਹਾਂ

ਬੋਲੀ ਆਪਣੀ ਨਾਲ ਪਿਆਰ ਰੱਖਾਂ
ਇਹ ਗੱਲ ਆਖਣੋਂ ਕਦੀ ਨਾ ਸੰਗਦਾ ਹਾਂ

ਮੋਤੀ ਕਿਸੇ ਸੁਹਾਗਣ ਦੀ ਨੱਥ ਦਾ ਮੈਂ
ਟੁਕੜਾ ਕਿਸੇ ਪੰਜਾਬਣ ਦੀ ਵੰਗ ਦਾ ਹਾਂ

ਮਿਲੇ ਮਾਣ ਪੰਜਾਬੀ ਨੂੰ ਦੇਸ਼ ਅੰਦਰ
ਆਸ਼ਕ ਮੁੱਢੋਂ ਮੈਂ ਏਸ ਉਮੰਗ ਦਾ ਹਾਂ

ਵਾਰਸ ਸ਼ਾਹ ਤੇ ਬੁੱਲ੍ਹੇ ਦੇ ਰੰਗ ਅੰਦਰ
ਡੋਬ-ਡੋਬ ਕੇ ਜ਼ਿੰਦਗੀ ਰੰਗਦਾ ਹਾਂ

ਰਵਾਂ ਇੱਥੇ ਤੇ ਯੂ.ਪੀ. 'ਚਿ ਕਰਾਂ ਗੱਲਾਂ
ਐਸੀ ਅਕਲ ਨੂੰ ਛਿੱਕੇ ਤੇ ਟੰਗਦਾ ਹਾਂ


ਮੈਂ ਪੰਜਾਬੀ, ਪੰਜਾਬੀ ਦਾ ਸ਼ਰਫ਼ ਸੇਵਕ
ਸਦਾ ਖੈਰ ਪੰਜਾਬੀ ਦੀ ਮੰਗਦਾ ਹਾਂ

■

**(ਪੰਜਾਬ, ਇੰਡੀਆ)**

## ਬਾਬਾ ਨਜਮੀ

# ਗ਼ਜ਼ਲ-1



ਸ਼ੀਸ਼ੇ ਉੱਤੇ ਧੂੜਾਂ ਜੰਮੀਆਂ, ਕੰਧਾਂ ਝਾੜੀ ਜਾਂਦੇ ਨੇ
ਜਿਲਦਾਂ ਸਾਂਭ ਰਹੇ ਨੇ ਝੱਲੇ, ਵਰਕੇ ਪਾੜੀ ਜਾਂਦੇ ਨੇ

ਉਹਨਾਂ ਦਾ ਵੀ ਤੂੰਈਓਂ ਰੱਬ ਏਂ, ਇਹਦਾ ਅੱਜ ਜਵਾਬ ਤਾਂ ਦੇ
ਈਦਾਂ ਵਾਲੇ ਦਿਨ ਵੀ ਜਿਹੜੇ, ਕਰਨ ਦਿਹਾੜੀ ਜਾਂਦੇ ਨੇ

ਜਿਹਨਾਂ ਦੇ ਗਲ ਲੀਰਾਂ ਪਈਆਂ, ਉਹਨਾਂ ਵੱਲੇ ਤੱਕਦੇ ਨਈਂ
ਕਬਰਾਂ ਉੱਤੇ ਤਿੱਲੇ ਜੜੀਆਂ, ਚੱਦਰਾਂ ਚਾੜ੍ਹੀ ਜਾਂਦੇ ਨੇ

ਰੱਸੀ ਕਿੱਥੋਂ ਤੀਕ ਕਰੇਂਗਾ ਢਿੱਲੀ ਉਹਨਾਂ ਲੋਕਾਂ ਦੀ
ਜਿਹੜੇ ਇੱਕ ਹਵੇਲੀ ਬਦਲੇ, ਝੁੱਗੀਆਂ ਸਾੜੀ ਜਾਂਦੇ ਨੇ

ਸ਼ੀਸ਼ੇ ਉੱਤੇ ਮਲ਼ੇ ਸਿਆਹੀਆਂ, ਹੱਕ ਏ ਮੇਰੇ ਦੁਸ਼ਮਣ ਦਾ
ਸੱਜਣਾਂ ਨੂੰ ਕੀ ਬਣੀਆਂ, ਮੇਰੇ ਫੁੱਲ ਲਿਤਾੜੀ ਜਾਂਦੇ ਨੇ

ਚੱਲ ਓਏ 'ਬਾਬਾ ਨਜਮੀ' ਆਪਣੇ ਪਿੰਡਾਂ ਨੂੰ ਮੂੰਹ ਕਰ ਲਈਏ
ਸ਼ਹਿਰਾਂ ਦੇ ਵਸਨੀਕ ਤੇ ਆਪਣੇ ਸ਼ਹਿਰ ਉਜਾੜੀ ਜਾਂਦੇ ਨੇ

■

**(ਲਾਹੌਰ, ਪਾਕਿਸਤਾਨ)**

# ਗ਼ਜ਼ਲ-2

ਬੇਹਿੰਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉੱਗਣ ਵਾਲ਼ੇ ਉੱਗ ਪੈਂਦੇ ਨੇ, ਸੀਨਾ ਪਾੜ ਕੇ ਪੱਥਰਾਂ ਦਾ

ਮੰਜ਼ਿਲ ਦੇ ਮੱਥੇ ਦੇ ਉੱਤੇ ਤਖਤੀ ਲੱਗਣੀ ਉਹਨਾਂ ਦੀ
ਜਿਹੜੇ ਘਰੋਂ ਬਣਾ ਕੇ ਟੁਰਦੇ ਨਕਸ਼ਾ ਆਪਣੇ ਸਫ਼ਰਾਂ ਦਾ

ਸੂਲੀ 'ਤੇ ਮਨਸੂਰ ਨੂੰ ਟੰਗਦੇ ਕਦੀ ਵੀ ਨਾ ਬੇਇਲਮੇ ਲੋਕ
ਜੇ ਕੋਈ ਸ਼ਹਿਰ ਦਾ ਦਾਨਾ ਦੱਸਦਾ ਮਤਲਬ ਉਹਦੇ ਅੱਖਰਾਂ ਦਾ

ਥਾਂਓਂ ਥਾਂਈਂ ਜੇ ਹੋ ਜਾਈਏ ਆਦੀ ਫਰਜ਼ ਨਿਭਾਵਣ ਦੇ
ਕਦੇ ਨਾ ਕਰੀਏ ਇੱਕ ਦੂਜੇ ਦੇ ਅੱਗੇ ਨੂਠਾਂ ਸੱਧਰਾਂ ਦਾ


ਤੇਰੇ ਸ਼ਹਿਰ ਦੇ 'ਬਾਬਾ ਨਜਮੀ' ਕਿਸੇ ਵੀ ਸਿਰ ਨੂੰ ਕੱਜਿਆ ਨਈਂ
ਏਥੇ ਕਿਸਰਾਂ ਹੋਕਾ ਲਾਵਾਂ ਬੁਰਕਿਆਂ ਦਾ ਤੇ ਚੱਦਰਾਂ ਦਾ

■

**(ਲਾਹੌਰ, ਪਾਕਿਸਤਾਨ)**

# ਭੂਸ਼ਨ ਧਿਆਨਪੁਰੀ

# ਗ਼ਜ਼ਲ



ਵਾਦ - ਵਿਵਾਦ ਤੋਂ ਵਿਹਲੇ ਹੋ ਕੇ ਜੇ ਕਿਧਰੇ ਸੰਵਾਦ ਕਰਨਗੇ
ਹੌਲੀ-ਹੌਲੀ ਗੱਲ ਤੁਰੇਗੀ ਲੋਕੀਂ ਤੈਨੂੰ ਯਾਦ ਕਰਨਗੇ

ਕੋਸ਼ਿਸ਼ ਕਰੀਂ ਕਿ ਪੁਸਤਕ ਤੇਰੀ ਕੋਰਸ ਦੇ ਵਿੱਚ ਲੱਗੇ ਨਾ
ਰੂਹ ਤੇਰੀ ਤੋਂ ਸਹਿ ਨਹੀਂ ਹੋਣਾ ਜੋ ਹਾਲਤ ਉਸਤਾਦ ਕਰਨਗੇ

ਵੀ.ਸੀ.ਆਰ ਹੈ ਕਾਰ 'ਚ ਲੱਗਿਆ, ਜੀਅ ਲੱਗਿਆ ਹੈ ਸੜਕਾਂ 'ਤੇ
ਫੇਰ ਕਿਤਾਬਾਂ ਪੜ੍ਹ-ਪੜ੍ਹ ਕਾਕੇ ਕਿਉਂ ਵੇਲਾ ਬਰਬਾਦ ਕਰਨਗੇ

ਨਾ ਬੰਸੀ; ਨਾ ਬੰਸੀ ਵਾਲਾ, ਗੀਤਾ ਨਹੀਂ, ਵਿਆਸ ਵੀ ਨਾ
ਬੁੱਧੀਜੀਵੀ ਕੈਸਟ ਲਾ ਕੇ ਤੂਤਕ ਦਾ ਅਨੁਵਾਦ ਕਰਨਗੇ

ਕੀ ਹੋਇਆ ਜੇ ਤੇਰੀ ਖ਼ਾਤਿਰ ਕਿਸੇ ਨੇ ਕੁਝ ਵੀ ਕੀਤਾ ਨਾ
ਤੇਰੇ ਬੀਵੀ - ਬੱਚਿਆਂ ਦੀ ਤਾਂ ਕੁਝ ਨਾ ਕੁਝ ਇਮਦਾਦ ਕਰਨਗੇ

ਵੇਲਾ ਆਉਣੈਂ ਸਾਡੇ ਬੱਚੇ ਹੱਥ ਲਿਖਤਾਂ ਨੂੰ ਸਹਿਕਣਗੇ
ਖ਼ਤ ਦਾ ਚਿਹਰਾ ਵੇਖਣ ਖ਼ਾਤਿਰ ਫ਼ੋਨਾਂ 'ਤੇ ਫ਼ਰਿਆਦ ਕਰਨਗੇ

ਤੇਰੇ ਮਗਰੋਂ ਇਸ ਦੁਨੀਆਂ ਦਾ ਕੀ ਹੋਵੇਗਾ ਇਹ ਨਾ ਸੋਚ
ਤੇਰੇ ਹੁੰਦਿਆਂ ਕੀ ਨਹੀਂ ਹੋਇਆ, ਜੋ ਤੇਰੇ ਤੋਂ ਬਾਅਦ ਕਰਨਗੇ

■

**(ਪੰਜਾਬ, ਇੰਡੀਆ)**

# ਮੋਹਨ ਸਿੰਘ (ਪ੍ਰੋ.)



# ਗ਼ਜ਼ਲ-2

ਆਖ਼ਰ ਸੀ ਅਸਰ ਹੋਵਣਾ ਕੁਝ ਤਾਂ ਬਹਾਰ ਦਾ
ਸਾਡੇ ਵੀ ਵਿਹੜੇ ਖਿੜ ਪਿਆ ਫੁਲ ਇੰਤਜ਼ਾਰ ਦਾ

ਜੀਵਨ ਸੀ ਇੱਕੋ, ਪਹਿਲੀ ਹੀ ਬਾਜ਼ੀ 'ਚ ਹਾਰਿਆ
ਹਾਏ! ਜੇ ਹੋਰ ਹੋਵੰਦੇ ਰੱਜ ਕੇ ਤਾਂ ਹਾਰਦਾ

ਬੇਚੈਨ ਨਗ਼ਮੇਂ ਸੌਂ ਗਏ ਇਕ ਛੁਹ ਨੂੰ ਤਰਸਦੇ
ਸਾਜ਼ਿੰਦਾ ਮੁੜ ਨਾ ਪਰਤਿਆ ਜਿੰਦ ਦੀ ਸਿਤਾਰ ਦਾ

ਖਾ ਕੇ ਹਜ਼ਾਰ ਝਟਕੇ ਵੀ ਹਾਲੀ ਨਾ ਟੁਟਿਆ
ਹਾਂ ਸੋਚਦਾ ਕਿ ਕੈਸਾ ਇਹ ਰਿਸ਼ਤਾ ਪਿਆਰ ਦਾ

ਫੁਲ-ਹਿੱਕ ਵਿਚ ਜਮੀ ਪਲੀ ਖ਼ੁਸ਼ਬੂ ਜਾਂ ਉਡ ਗਈ
ਇਹਸਾਸ ਹੋਇਆ ਫੁੱਲ ਨੂੰ ਰੰਗਾਂ ਦੇ ਭਾਰ ਦਾ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਨੀ ਅਜ ਕੋਈ ਆਇਆ ਸਾਡੇ ਵੇਹੜੇ
ਤਕਣ ਚੰਨ ਸੂਰਜ ਢੁਕ ਢੁਕ ਨੇੜੇ

ਲਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ
ਆਇਆ ਨੀ ਖ਼ੌਰੇ ਅੰਬਰ ਘੁਮ ਘੁਮ ਕਿਹੜੇ

ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ
ਭਰੇ ਸੂ ਸਾਡੇ ਅੰਗ ਅੰਗ ਦੇ ਵਿਚ ਖੇੜੇ

ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ
ਧੋਵੋ ਨੀ ਇਹਦੇ ਪੈਰ ਮਖਣ ਦੇ ਪੇੜੇ

ਰਖੋ ਨੀ ਇਹਨੂੰ ਚੁਕ ਚੁਕ ਚਸ਼ਮਾਂ ਉੱਤੇ
ਕਰੋ ਨੀ ਇਹਨੂੰ ਘੁਟ ਘੁਟ ਜਿੰਦ ਦੇ ਨੇੜੇ

ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ
ਡਕੋ ਨੀ ਕੋਈ ਰਾਤ ਦਿਵਸ ਦੇ ਗੇੜੇ

ਪੁਛੋ ਨਾ ਇਹ ਕੌਣ ਤੇ ਕਿੱਥੋਂ ਆਇਆ
ਤਕੋ ਨੀ ਇਹਦਾ ਰੂਪ ਭੁਲਾ ਸਭ ਝੇੜੇ

ਨੀ ਅਜ ਕੋਈ ਆਇਆ ਸਾਡੇ ਵੇਹੜੇ
ਤਕਣ ਚੰਨ ਸੂਰਜ ਢੁਕ ਢੁਕ ਨੇੜੇ

■

**(ਪੰਜਾਬ, ਇੰਡੀਆ)**

# ਮੇਹਰ ਮਾਣਕ (ਡਾ.)

# ਗ਼ਜ਼ਲ–1



ਯੁੱਧ ਨੇ ਆਪਣਾ ਬਦਲਿਆ ਖੇਤਰ, ਸਾਜ਼ਿਸ਼ਾਂ ਹਰ ਹੱਦ ਚੀਰ ਧਰੀ ਹੈ
ਬੜੀਆਂ ਮੰਜੀਆਂ ਤਖ਼ਤ ਸਜੇ ਨੇ, ਉੱਤੇ ਚੜ੍ਹ ਬੈਠਣ ਲਈ ਭੀੜ ਖੜ੍ਹੀ ਹੈ

ਭਲੇ ਵੇਲਿਆਂ ਨੇ ਯੋਧੇ ਜੰਮੇ, ਜਿਹੜੇ ਲਾ ਗਏ ਸਭ ਕੁੱਝ ਦਾਅ 'ਤੇ
ਵੇਖ ਵਿਰਾਸਤਾਂ ਦਾ ਹੁੰਦਾ ਸੌਦਾ, ਮੇਰੇ ਨੈਣਾਂ ਤੇ ਆ ਨੀਰ ਚੜ੍ਹੀ ਹੈ

ਪੁਸ਼ਤਾਂ ਨਾਲ ਪੁਜੀਸ਼ਨ ਬਦਲੀ, ਗੈਰ ਗੁਰਬਤਾਂ ਨਾਲ ਪਾਈਆਂ ਸਾਂਝਾਂ
ਤੀਰ ਤਰਕਸ਼ ਸਭ ਗਿਰਵੀ ਕੀਤੇ, ਜਿਨ੍ਹਾਂ ਸੰਗ ਪੁਰਖਿਆਂ ਜੰਗ ਲੜੀ ਹੈ

ਸਾਂਝਾਂ ਵਾਲ਼ਾ ਅਹਿਸਾਸ ਗਵਾਚਾ, ਕੁੱਝ ਬੰਦੇ ਕੁੱਝ ਝੰਡੇ ਵੰਡੇ ਰਹਿ ਗਏ
ਖ਼ਲਕਤ ਵੀ ਚੁੱਕ ਡੰਡਾ ਡੇਰਾ, ਲੋਟ ਲੱਗਦੇ ਰੱਬ ਘਰ ਜਾ ਵੜੀ ਹੈ

ਮੰਡੀ ਨੇ ਸਭ ਕੁੱਝ ਮੁੰਨ ਕੇ ਧਰਿਆ, ਧੁਰ ਅੰਦਰ ਤੱਕ ਗਈ ਧਸ ਦਲਾਲੀ
ਭਾਰੇ ਬਦਨ ਸਿਰ ਬੌਣੀਆਂ ਮੱਤਾਂ, ਖੋਟੇ ਰਹਿਬਰਾਂ ਕਦੋਂ ਜੰਗ ਲੜੀ ਹੈ

ਸਮਾਂ ਆਖਦਾ ਕੋਈ ਕਰੋ ਫੈਸਲਾ, ਖਿੱਚ ਲਕੀਰ ਦੇ ਐਧਰ ਜਾਂ ਉਧਰ
ਆਨੰਦ ਮਾਰਗ ਦਾ ਰਸਤਾ ਫੜ ਲਓ, ਜਾਂ ਸਾਹਮਣੇ ਚਮਕੌਰ ਗੜ੍ਹੀ ਹੈ

■

(Reyat Bahra University
Vill. & P.O. Sahorhan
Teh. Kharar, Distt Mohali
Pin Code: 140301, Pb., India)

# ਗ਼ਜ਼ਲ-2

ਦਗੇਬਾਜਾਂ ਦੀ ਕਮੀਂ ਕੋਈ ਨਾ, ਬੇਈਮਾਨਾਂ ਦਾ ਇਕੱਠ ਬਥੇਰਾ
ਝੱਖੜ ਝੁੱਲਦੇ ਪਲਾਂ ਦੇ ਅੰਦਰ, ਮੈਂ ਤਾਂ ਸਦਾਂ ਅਡੋਲ ਰਿਹਾ ਹਾਂ

ਸਿਦਕ ਸਲਾਮਤ ਹੈ ਜਿੱਥੇ ਯਾਰੋ, ਕਿੰਝ ਮੇਟਣਗੇ ਉਸਦੀ ਹਸਤੀ
ਮੈਂ ਤਾਂ ਹਨੇਰੇ ਪਲਾਂ ਦੇ ਅੰਦਰ, ਜਿਉਂਦੇ ਸੱਚ ਦੇ ਬੋਲ ਜਿਹਾ ਹਾਂ


ਅੰਬਰ ਛੂੰਹਦਾ ਜੋ ਗੁਬਾਰ ਹੈ ਦਿਸਦਾ, ਇਸ ਦੇ ਕੋਈ ਪੈਰ ਨਹੀਂ
ਧੂੜ ਫਰਾਟੇ ਵਜੂਦ ਨੇ ਇਸਦਾ, ਮੈਂ ਤਾਂ ਇਸਦੇ ਕੋਲ਼ ਰਿਹਾ ਹਾਂ

ਜ਼ਰੇ ਜ਼ਰੇ ਵਿੱਚ ਬੀਜ ਕੇ ਜ਼ਹਿਰਾਂ, ਕਿੱਥੇ ਜਾਵੇਂਗਾ ਮਾਰ ਉਡਾਰੀ
ਮੋਢੇ ਟੰਗੇ ਤਰਕਸ਼ ਖਾਤਰ, ਅਗਨਬਾਣ ਤਾਈਂ ਟੋਲ੍ਹ ਰਿਹਾ ਹਾਂ

ਕੌਣ ਕਹਿੰਦੈ ਜਿੱਤਾਂ ਹਾਰਾਂ ਸੰਗ, ਸੁਲ਼ਝ ਜਾਂਵਣ ਸਾਰੀਆਂ ਗੁੰਝਲਾਂ
ਇਸੇ ਗੱਲ ਨੂੰ ਪਰਖਣ ਦੇ ਲਈ, ਵਕਤ ਦੇ ਪੰਨੇ ਫੋਲ ਰਿਹਾ ਹਾਂ

■

# ਮਿੰਦਰਪਾਲ ਭੱਠਲ



## ਗ਼ਜ਼ਲ

ਜਦੋਂ ਮੌਸਮਾਂ 'ਚ ਖੌਲਦੇ ਤੂਫ਼ਾਨ ਹੋਣਗੇ
ਉਦੋਂ ਪੈਰ ਸਾਡੇ ਹੋਰ ਬਲਵਾਨ ਹੋਣਗੇ

ਰਹੂ ਫਿਜ਼ਾ ਵਿੱਚ ਗੂੰਜਦੀ ਇਹ ਸੱਚ ਦੀ ਅਵਾਜ਼
ਜਦੋਂ ਤੀਕ ਇਹ ਜਿੰਮੀ ਅਸਮਾਨ ਹੋਣਗੇ

ਸਿਰ ਤਾਂਹੀਂ ਨਹੀਂ ਲਾਹਕੇ ਆਇਆ ਦੇਹਲੀਆਂ ਤੋਂ ਬਾਹਰ
ਮੈਨੂੰ ਪਤਾ ਸੀ ਕਿ ਇੱਥੇ ਇਮਤਿਹਾਨ ਹੋਣਗੇ

ਅਸੀਂ ਜ਼ਿੰਦਗੀ ਨੂੰ ਜੀਵਿਆ ਹੈ ਇਸ ਤਰ੍ਹਾਂ ਯਾਰ
ਇਹਦੇ ਪਲ ਪਲ ਉਮਰਾਂ ਸਮਾਨ ਹੋਣਗੇ

ਜਿਹੜੇ ਦਿਲ ਨੂੰ ਤੂੰ ਠੋਹਕਰ 'ਜੀ ਮਾਰ ਤੁਰ ਜਾਨੈਂ
ਇਹਦੇ ਵਿੱਚ ਵੀ ਤਾਂ ਕੁਝ ਅਰਮਾਨ ਹੋਣਗੇ

ਤੂੰ ਰੁਕ ਜਾਈਂ ਉਹ ਮੇਰਾ ਪਿੰਡ ਹੋਏਗਾ
ਜੀਹਦੇ ਪਿੰਡੇ ਉੱਤੇ ਲਾਸ਼ਾਂ ਦੇ ਨਿਸ਼ਾਨ ਹੋਣਗੇ


ਮੈਂ ਦੁਸ਼ਮਣਾਂ ਦੇ ਫੁੱਲਾਂ ਉੱਤੇ ਥੁੱਕ ਸਕਦਾਂ
ਪਰ ਮਿੱਤਰਾਂ ਦੇ ਕੰਡੇ ਪਰਵਾਨ ਹੋਣਗੇ

ਜਦੋਂ ਮੋਏ ਹੋਏ ਮਿੱਤਰਾਂ ਦੀ ਯਾਦ ਆਏਗੀ
ਉਦੋਂ ਭਰੇ ਹੋਏ ਮੇਲੇ ਸੁੰਨਸਾਨ ਹੋਣਗੇ

■

**(ਪੰਜਾਬ, ਇੰਡੀਆ)**

# ਮਹਿੰਦਰ ਸਾਥੀ



## ਗ਼ਜ਼ਲ

ਮਸ਼ਾਲਾਂ ਬਾਲ ਕੇ ਚੱਲਣਾ, ਜਦੋਂ ਤਕ ਰਾਤ ਬਾਕੀ ਹੈ
ਸੰਭਲ ਕੇ ਹਰ ਕਦਮ ਰੱਖਣਾ, ਜਦੋਂ ਤਕ ਰਾਤ ਬਾਕੀ ਹੈ

ਮਿਲੂ ਮਨਸੂਰ ਨੂੰ ਸੂਲੀ, ਤੇ ਵਿਸ਼ ਸੁਕਰਾਤ ਦੇ ਹਿੱਸੇ
ਰਹੇਗਾ ਜੁਰਮ ਸੱਚ ਕਹਿਣਾ, ਜਦੋਂ ਤਕ ਰਾਤ ਬਾਕੀ ਹੈ

ਪਸੀਨੇ ਦੀ ਤਾਂ ਗੱਲ ਛੱਡੋ, ਲਹੂ ਮਜ਼ਦੂਰ ਦਾ ਯਾਰੋ
ਇਹ ਸਸਤਾ ਪਾਣੀਓਂ ਰਹਿਣਾ, ਜਦੋਂ ਤਕ ਰਾਤ ਬਾਕੀ ਹੈ

ਬਣੇਗਾ ਇਸ਼ਕ ਮੇਰਾ ਓਦੋਂ ਤਕ, ਬਾਰੂਦ ਦਾ ਖਾਜਾ
ਤੇ ਤੇਰੇ ਹੁਸਨ ਨੇ ਵਿਕਣਾ, ਜਦੋਂ ਤਕ ਰਾਤ ਬਾਕੀ ਹੈ

ਰਗੜ ਮੱਥਾ ਤੂੰ ਮੰਦਰ ਵਿਚ, ਜਾਂ ਮਸਜਿਦ ਵਿਚ ਤੂੰ ਕਰ ਸਿਜਦੇ
ਤੇਰੇ ਦੁੱਖਾਂ ਨਹੀਂ ਮਿਟਣਾ, ਜਦੋਂ ਤਕ ਰਾਤ ਬਾਕੀ ਹੈ

ਹਕੀਕਤ ਤਾਂ ਹੈ ਕਿ ਮਿਰਜ਼ੇ, ਮਾਰੇ ਗਏ ਨੇ ਬੰਨ੍ਹ ਬੰਨ੍ਹ ਕੇ
ਤੇ ਖ਼ਬਰੀਂ 'ਟਾਕਰਾ' ਛਪਣਾ, ਜਦੋਂ ਤਕ ਰਾਤ ਬਾਕੀ ਹੈ

ਹਨੇਰੇ ਦੀ ਅਦਾਲਤ ਵਿਚ, ਹੈ ਕੀ ਫ਼ਰਿਆਦ ਦਾ ਫ਼ਾਇਦਾ
ਤੂੰ ਕਰ ਸੰਗਰਾਮ ਐ ਸਜਣਾ, ਜਦੋਂ ਤਕ ਰਾਤ ਬਾਕੀ ਹੈ


ਮੇਰਾ ਮੱਥਾ ਰਹੂ ਭੱਥਾ, ਇਹ ਬਣਿਆਂ ਰੋਹ ਦੇ ਤੀਰਾਂ ਦਾ
ਨਹੀਂ ਇਸ ਤਿਊੜੀ ਨੇ ਮਿਟਣਾ, ਜਦੋਂ ਤਕ ਰਾਤ ਬਾਕੀ ਹੈ

ਲੜਨਗੇ ਨਾਲ ਤੇਰੇ ਐ ਹਨੇਰੇ, ਅੰਤ ਤਕ 'ਸਾਥੀ'
ਇਨਾਂ ਨਈਂ ਚੈਣ ਸੰਗ ਬਹਿਣਾ, ਜਦੋਂ ਤਕ ਰਾਤ ਬਾਕੀ ਹੈ

■

**(ਪੰਜਾਬ, ਇੰਡੀਆ)**

## ਮੁਨੀਰ ਨਿਆਜ਼ੀ



# ਗ਼ਜ਼ਲ

ਕਿਸ ਦਾ ਦੋਸ਼ ਸੀ, ਕਿਸ ਦਾ ਨਈਂ ਸੀ
ਇਹ ਗੱਲਾਂ ਹੁਣ, ਕਰਨ ਦੀਆਂ ਨਈਂ

ਵੇਲੇ ਲੰਘ ਗਏ, ਤੌਬਾ ਵਾਲੇ
ਰਾਤਾਂ ਹੌਕੇ, ਭਰਨ ਦੀਆਂ ਨਈਂ

ਜੋ ਹੋਇਆ, ਓਹ ਤੇ ਹੋਣਾ ਈ ਸੀ
ਤੇ ਹੋਣੀ ਰੋਕਿਆਂ, ਰੁਕਦੀ ਨਈਂ

ਇੱਕ ਵਾਰੀ ਜਦ, ਸ਼ੁਰੂ ਹੋ ਜਾਵੇ
ਗੱਲ ਫਿਰ ਐਵੇਂ, ਮੁੱਕਦੀ ਨਈਂ

ਕੁਝ ਸ਼ੌਕ ਸੀ, ਯਾਰ ਫ਼ਕੀਰੀ ਦਾ
ਕੁਝ ਇਸ਼ਕ ਨੇ, ਦਰ ਦਰ ਰੋਲ ਦਿੱਤਾ

ਕੁਝ ਸੱਜਣਾਂ ਕਸਰ, ਨਾ ਛੱਡੀ ਸੀ
ਕੁਝ ਜ਼ਹਿਰ ਰਕੀਬਾਂ, ਘੋਲ ਦਿੱਤਾ

ਕੁਝ ਹਿਜਰ ਫ਼ਿਰਾਕ ਦਾ, ਰੰਗ ਚੜ੍ਹਿਆ
ਕੁਝ ਦਰਦ ਮਾਹੀ, ਅਨਮੋਲ ਦਿੱਤਾ

ਕੁਝ ਸੜ ਗਈ, ਕਿਸਮਤ ਮੇਰੀ
ਕੁਝ ਪਿਆਰ ਵਿਚ, ਯਾਰਾਂ ਰੋਲ ਦਿੱਤਾ


ਕੁਝ ਉਂਝ ਵੀ, ਰਾਹਵਾਂ ਔਖੀਆਂ ਸਨ
ਕੁਝ ਗੱਲ ਵਿੱਚ, ਗ਼ਮ ਦਾ ਤੌਕ ਵੀ ਸੀ

ਕੁਝ ਸ਼ਹਿਰ ਦੇ ਲੋਕ ਵੀ, ਜ਼ਾਲਮ ਸਨ
ਕੁਝ ਮੈਨੂੰ ਮਰਨ ਦਾ, ਸ਼ੌਕ ਵੀ ਸੀ

■ **(ਲਾਹੌਰ, ਪਾਕਿਸਤਾਨ)**

# ਮੱਖਣ ਕੁਹਾੜ

# ਗ਼ਜ਼ਲ



ਨਾਗਪੁਰੀ ਸੰਗਤਰੇ ਜਿੱਥੇ ਵੀ ਲੱਗੇ ਨੇ ਬਾਗਾਂ ਵਿਚ
ਪੁੰਗਰਦੇ ਹੀ ਬਦਲ ਗਈਆਂ ਨੇ ਸ਼ਾਖਾਂ ਕਾਲੇ ਨਾਗਾਂ ਵਿੱਚ

ਭਾਰਤ ਦੇ ਸਭ ਗੀਤ ਵਜਣਗੇ ਅਮਰੀਕਾ ਦੇ ਸਾਜਾਂ ਵਿਚ
ਇਜ਼ਰਾਈਲ ਦੇ ਫੁੱਲ ਖਿੜਣਗੇ, ਹੁਣ ਭਾਰਤ ਦੇ ਬਾਗ਼ਾਂ ਵਿਚ

ਹੰਸ ਜਿਹਾ ਬਣ ਆਇਆ ਸੀ ਜੋ ਸਾਡੇ ਵਿਹੜੇ ਚੋਗਾ ਲੈਣ
ਚੰਗਾ ਖਾ ਕੇ ਜਾ ਰਲਿਆ ਹੈ ਆਪਣੇ ਨਾਲ ਦੇ ਕਾਗਾਂ ਵਿਚ

ਲਵ ਜੇਹਾਦ, ਅਸਹਿਣਸ਼ੀਲਤਾ, ਭੀੜ ਦਾ ਤੰਤਰ, ਗਊ ਮੂਤਰ
ਤਾਜਪੋਸ਼ੀ ਦੇ ਜਸ਼ਨਾਂ ਮਗਰੋਂ ਮਿਲਿਆ ਸਾਨੂੰ ਲਾਗਾਂ ਵਿਚ

ਐ ਦਿਲ ਕੇਵਲ ਦਿਲਦਾਰਾਂ ਨੂੰ ਦਿਲ ਦਾ ਹਾਲ ਸੁਣਾਇਆ ਕਰ
ਤੈਨੂੰ ਐਵੇਂ ਭਰਮ ਹੈ ਇਹ ਕਿ ਦਿਲ ਹੁੰਦਾ ਹੈ ਤਾਜਾਂ ਵਿਚ

ਗੁੰਮ ਗਏ ਸਨ ਖੰਭ ਜੋ, ਬੁਲਬੁਲ ਮੋਰਾਂ ਹੰਸਾਂ ਕੋਇਲਾਂ ਦੇ
ਵੇਖ ਲਏ ਨੇ ਟੰਗੇ ਹੋਏ, ਲੋਕਾਂ ਰਾਜ ਦੇ ਤਾਜਾਂ ਵਿਚ

ਫੁੱਲਾਂ ਨਾਲ ਤਿਤਲੀਆਂ ਦੇ ਵੀ ਹਾਰ ਪਰੋਣ ਪ੍ਰਾਹੁਣਿਆਂ ਲਈ
ਐਸੇ ਮਾਲੀ ਆ ਪਹੁੰਚੇ ਨੇ ਸਾਡੇ ਸੁੰਦਰ ਬਾਗਾਂ ਵਿਚ


ਚੋਰ ਉੱਚਕਿਆਂ ਨਾਲ ਵੀ ਐ ਦਿਲ ਹੱਸ ਹੱਸ ਹੱਥ ਮਿਲਾਇਆ ਕਰ
ਕੱਲ ਨੂੰ ਸ਼ਾਮਲ ਹੋ ਸਕਦੇ ਨੇ ਇਹ ਸਭ ਰਾਜ ਦੇ ਤਾਜਾਂ ਵਿਚ

ਕੀ ਹੈਂ ਤੂੰ ਵੀ 'ਮੱਖਣਾਂ' ਤੈਨੂੰ ਐਨੀ ਵੀ ਜੇ ਸਮਝ ਨਹੀਂ
ਅਸਲੀ ਸ਼ਕਤੀ ਘੋੜੇ ਵਿਚ ਹੈ, ਜਾਂ ਘੋੜੇ ਦੀਆਂ ਵਾਗਾਂ ਵਿੱਚ

■

**(ਪੰਜਾਬ, ਇੰਡੀਆ)**

ਮਦਨ ਮਦਹੋਸ਼



# ਗ਼ਜ਼ਲ

ਤੂੰ ਵੱਢ - ਵੱਢ ਕੇ ਬਿਰਖਾਂ ਨੂੰ ਜੁਗਾੜ ਨਾ ਕਰ
ਲੈ ਆਨੰਦ ਪ੍ਰਕਿਰਤੀ ਦਾ ਖਿਲਵਾੜ ਨਾ ਕਰ

ਹਰਿਆ ਭਰਿਆ ਰਹਿਣਦੇ ਦੇਸ ਪੰਜਾਬ ਮੇਰਾ
ਤੂੰ ਖੇਤਾਂ ਦੇ ਵਿੱਚ ਲਾ-ਲਾ ਅੱਗਾਂ ਸਾੜ ਨਾ ਕਰ

ਪਿੱਪਲ, ਨਿੰਮ, ਬਰੋਟਾ, ਜੀਵਨ ਦਾ ਵਰਦਾਨ ਨੇ
ਧਰਤ ਦੀ ਕੋਖ ਸੰਭਾਲ ਜ਼ਰਾ, ਉਜਾੜ ਨਾ ਕਰ

ਕੱਟ-ਕੱਟ ਕੇ ਬਿਰਖਾਂ ਨੂੰ ਤੂੰ, ਮਹਿਲ ਉਸਾਰੇਂਗਾ
ਰਹਿਣਦੇ, ਪੰਛੀਆਂ ਦੇ ਆਲ੍ਹਣੇ ਕਵਾੜ ਨਾ ਕਰ

ਮਾਰ-ਮਾਰ ਕੇ ਖ਼ੰਜਰਾਂ ਨੂੰ ਧਰਤੀ ਦੇ ਸੀਨੇ ਵਿੱਚ
ਅੰਬਰਾਂ ਨੂੰ ਪੌੜੀ ਲਾਉਣ ਦੀ, ਰਿਹਾੜ ਨਾ ਕਰ

ਰੁੱਖ ਲਾਉਣ ਦਾ ਹੋਕਾ ਦੇ, ਸੱਭਨਾ ਨੂੰ 'ਮਦਹੋਸ਼'
ਤੂੰ ਵਾਤਾਵਰਨ ਨੂੰ ਖੁੱਲ੍ਹਾ ਰੱਖ, ਤਿਹਾੜ ਨਾ ਕਰ

■

(#40, Sewak Colony
Patiala-147001, Pb.
India)

# ਰਵਿੰਦਰ ਸਿੰਘ ਸੋਢੀ

# ਗ਼ਜ਼ਲ



ਸੁੰਨੀ ਕੁੱਖ ਤੋਂ ਜਾ ਕੇ ਪੁੱਛੋ, ਬਾਲ ਦੀ ਚਾਹਤ ਕੀ ਹੁੰਦੀ ਹੈ
ਮਤ੍ਰੇਈ ਦੇ ਵੱਸ ਪਿਆਂ ਲਈ, ਮਾਂ ਦੀ ਚਾਹਤ ਕੀ ਹੁੰਦੀ ਹੈ

ਪਰਦੇਸਾਂ ਵੱਲ ਲਾਉਣ ਉਡਾਰੀ, ਜੋ ਆਪਣੇ ਪਰ ਤੋਲ ਰਹੇ ਨੇ
ਪਰਦੇਸੀਆਂ ਕੋਲੋਂ ਜਾ ਕੇ ਪੁੱਛੋ, ਦੇਸ ਦੀ ਚਾਹਤ ਕੀ ਹੁੰਦੀ ਹੈ

ਆਪਣੇ ਘਰ ਦੇ ਹੁੰਦੇ ਹੋਏ ਵੀ, ਘਰ ਵੱਲ ਜੋ ਮੂੰਹ ਨਾ ਕਰਦੇ
ਬੇ ਘਰਿਆਂ ਤੋਂ ਜਾ ਕੇ ਪੁੱਛੋ, ਘਰ ਦੀ ਚਾਹਤ ਕੀ ਹੁੰਦੀ ਹੈ

ਕੱਚੀਆਂ ਕਲੀਆਂ ਮਧੋਲਣ ਵਾਲੇ, ਚਿਤ ਆਪਣਾ ਪਰਚਾ ਲੈਂਦੇ ਨੇ
ਫੁੱਲਾਂ ਕੋਲੋਂ ਜਾ ਕੇ ਪੁੱਛੋ, ਖਿੜਨ ਦੀ ਚਾਹਤ ਕੀ ਹੁੰਦੀ ਹੈ

ਜੂਠ ਛੱਡ ਜੋ ਉਠ ਜਾਂਦੇ ਨੇ, ਉਹ ਕੀ ਜਾਣਨ ਦੁੱਖ ਭੁੱਖ ਦੇ
ਭੁੱਖਿਆਂ ਕੋਲੋਂ ਜਾ ਕੇ ਪੁੱਛੋ, ਖਾਣ ਦੀ ਚਾਹਤ ਕੀ ਹੁੰਦੀ ਹੈ

ਮਹਿਲਾਂ ਵਰਗੇ ਘਰ ਸੁੰਨੇ ਛੱਡ ਜੋ, ਪਰਦੇਸਾਂ ਨੂੰ ਤੁਰ ਜਾਂਦੇ ਨੇ
ਖਾਲੀ ਘਰਾਂ ਨੂੰ ਜਾ ਕੇ ਪੁੱਛੋ, ਰੌਣਕ ਦੀ ਚਾਹਤ ਕੀ ਹੁੰਦੀ ਹੈ


ਜਿਆਦਾ ਮੀਂਹ ਵੀ ਫਸਲਾਂ ਡੋਬੇ, ਪਰ ਸੁੱਕੇ ਖੇਤਾਂ ਨੂੰ ਤੱਕ ਕੇ
ਕਿਸਾਨਾਂ ਤੋਂ ਹੀ ਜਾ ਕੇ ਪੁੱਛੋ, ਮੀਂਹ ਦੀ ਚਾਹਤ ਕੀ ਹੁੰਦੀ ਹੈ

ਬੁਢਾਪਾ ਘਰ ਦੇ ਦਰਾਂ ਵਲ ਜੋ, ਹਰ ਵੇਲੇ ਹੀ ਤੱਕਦੇ ਰਹਿੰਦੇ
ਉਹਨਾਂ ਤੋਂ ਹੀ ਜਾ ਕੇ ਪੁੱਛੋ, ਆਪਣਿਆਂ ਦੀ ਚਾਹਤ ਕੀ ਹੁੰਦੀ ਹੈ

■

**(ਕੈਨੇਡਾ)**

# ਰਾਮ ਮੂਰਤੀ (ਡਾ.)



## ਗ਼ਜ਼ਲ

ਜਿਸ ਦੇ ਦਿਲ ਉਲਫਤ ਦਾ, ਨਾ ਖਿਲਦਾ ਨਸ਼ਾ ਯਾਰੋ
ਉਹ ਲੱਭਦਾ ਨਸ਼ਿਆਂ 'ਚੋਂ, ਫਿਰ ਦਿਲ ਦਾ ਨਸ਼ਾ ਯਾਰੋ

ਬੱਚਾ ਨਾ ਕਦੇ ਜਾਂਦਾ, ਭੁੱਲ ਕੇ ਵੀ ਵੱਲ ਨਸ਼ਿਆਂ
ਮਾਂ-ਬਾਪ ਦੀ ਸੰਗਤ ਦਾ, ਜੇ ਮਿਲਦਾ ਨਸ਼ਾ ਯਾਰੋ

ਸੁੱਚ ਸੰਜਮ ਭਰਿਆ ਜੇ, ਜੀਵਨ ਖੁਦ ਜੀਵਾਂਗੇ
ਵੇਖਿਉ ਫਿਰ ਦੁਨੀਆਂ 'ਚੋਂ, ਕਿੰਝ ਹਿੱਲਦਾ ਨਸ਼ਾ ਯਾਰੋ

ਇਹ ਜੋ ਹੱਟ ਸਿਆਸਤ ਦੀ, ਇਹ ਢਾਹ ਕੇ ਫਨ੍ਹਾ ਕਰੀਏ
ਇਸ ਹੱਟ ਦੇ ਤਹਿਖਾਨੇ, ਹੈ ਤੁਲਦਾ ਨਸ਼ਾ ਯਾਰੋ

ਜਿੱਥੇ ਰਾਜ ਹੈ ਕਲਮਾਂ ਦਾ, ਕਦਰ ਕਿਤਾਬਾਂ ਦੀ
ਵੇਖਾਂ ਵਿੱਚ ਛੱਪੜਾਂ ਦੇ, ਮੈਂ ਡੁੱਲ੍ਹਦਾ ਨਸ਼ਾ ਯਾਰੋ


ਦੁਨੀਆਂ ਦਾ ਨਸ਼ਾ ਚੜ੍ਹ ਕੇ, ਖਿੰਡ ਜਾਂਦਾ ਛੇਤੀ ਹੀ
ਉਸ ਨਾਮ ਦੀ ਮਸਤੀ ਦਾ, ਨਾ ਭੁੱਲਦਾ ਨਸ਼ਾ ਯਾਰੋ

■

**(ਪੰਜਾਬ, ਇੰਡੀਆ)**

## ਲੋਕ ਰਾਜ

## ਗ਼ਜ਼ਲ-1



ਰੁੱਖਾਂ ਦੇ ਦਿਲ ਅੰਦਰ ਖਬਰੇ ਕਿੰਨੇ ਭੇਤ ਸਮੋਏ ਨੇ
ਹੰਝੂਆਂ ਵਾਂਗੂੰ ਕੇਰ ਕੇ ਪੱਤੇ ਅੰਦਰੋ ਅੰਦਰੀ ਰੋਏ ਨੇ

ਇੱਕ ਮੁਸਕਾਣ ਛੁਪਾ ਕੇ ਰਖੇ ਜੀਕਣ ਹੌਕੇ ਹਾਅਵਾਂ ਨੂੰ
ਭੋਲੀ ਕੁੜੀ ਨੇ ਮਹਿੰਦੀ ਲਾ ਕੇ ਕਿੰਨੇ ਜ਼ਖਮ ਲੁਕੋਏ ਨੇ

ਜਿਸ ਨੇ ਸਾਰੀ ਉਮਰ ਅਨੇਕਾਂ ਪੱਕੇ ਮਹਿਲ ਉਸਾਰੇ ਨੇ
ਉਸ ਦੇ ਆਪਣੇ ਕੱਚੇ ਕੋਠੇ ਹਰ ਬਾਰਿਸ਼ ਵਿਚ ਚੋਏ ਨੇ

ਸੱਚਾ ਬੰਦਾ ਹਰ ਇੱਕ ਦੌਰ 'ਚ ਆਖਰ ਕੱਲਾ ਰਹਿ ਜਾਵੇ
ਸੱਚੇ ਬੰਦਿਆਂ ਅਪਣੇ ਮੁਰਦੇ ਆਪਣੇ ਆਪ ਹੀ ਢੋਏ ਨੇ

ਓਹ ਕੋਈ ਦੂਜਾ ਦੇਸ਼ ਹੋਵੇਗਾ ਜਿਸ ਦੀ ਧਰਤੀ ਪਧਰੀ ਹੈ
ਆਪਣੇ ਮੁਲਕ 'ਚ ਹਰ ਥਾਂ ਕਿਧਰੇ ਟਿੱਬੇ ਕਿਧਰੇ ਟੋਏ ਨੇ

ਕੱਲ ਜੋ ਲੀਡਰ ਚੌਂਕ 'ਚ ਨਾਰ੍ਹੇ ਆਜ਼ਾਦੀ ਦੇ ਲਾਉਂਦਾ ਸੀ
ਸੁਣਿਆਂ ਉਸ ਦੇ ਆਪਣੇ ਘਰ ਵਿਚ ਪਿੰਜਰੇ ਰੱਖੇ ਹੋਏ ਨੇ

■

**(ਯੂ.ਕੇ.)**

# ਗ਼ਜ਼ਲ-2

ਕੱਚੇ ਵੇਹੜੇ, ਪੱਕੇ ਰਿਸ਼ਤੇ ਅਕਸਰ ਚੇਤੇ ਆਉਂਦੇ ਨੇ
ਪੱਕੀਆਂ ਕੰਧਾਂ ਪਿਛੇ ਜਦ ਵੀ ਕੱਚੇ ਸਾਕ ਡਰਾਉਂਦੇ ਨੇ

ਏਨਾ ਹੀ ਅਹਿਸਾਨ ਬੜਾ ਹੈ ਯਾਦ ਤਾਂ ਆਖਰ ਰਖਿਆ ਹੈ
ਮਿਲਦੇ ਨਾ ਸਹੀ ਕਦੇ ਕਦਾਈ ਸੁਫਨੇ ਵਿਚ ਤਾਂ ਆਉਂਦੇ ਨੇ

ਜਿਨ੍ਹਾਂ ਖਾਤਿਰ ਇਸ ਦੁਨੀਆਂ ਤੋਂ ਅਸੀਂ ਕਿਨਾਰਾ ਕੀਤਾ ਸੀ
ਸੁਣਿਆਂ ਹੈ ਕਿ ਓਹੀ ਅੱਜਕਲ ਖੁਦ ਨੂੰ ਖੁਦਾ ਕਹਾਉਂਦੇ ਨੇ

ਰੱਬ ਦਾ ਇਹ ਇਨਸਾਫ਼ ਨਹੀਂ ਹੈ ਇਹ ਵਿਸ਼ਵਾਸ ਹੈ ਲੋਕਾਂ ਦਾ
ਰੁੱਖੀ ਸੁੱਖੀ ਖਾ ਕੇ ਵੀ ਜੋ ਉਸ ਦਾ ਸ਼ੁਕਰ ਮਨਾਉਂਦੇ ਨੇ


ਕੰਡੇ ਜਿੰਨੀ ਪੀੜ ਨਾ ਜਰਦੀ ਅੱਜ ਦੀ ਸੋਹਲ ਜਵਾਨੀ ਇਹ
ਕਿਥੇ ਨੇ ਓਹ ਲੋਕ ਜੋ ਸੂਲੀ ਚੜ੍ਹ ਕੇ ਵੀ ਮੁਸਕਾਉਂਦੇ ਨੇ

ਕੀ ਖੋਇਆ ਤੇ ਕੀ ਪਾਇਆ ਹੈ ਇਸ ਰਾਹਵਾਂ ਦੀ ਯਾਰੀ ਚੋਂ
ਇਕਨਾ ਨਾਲੋਂ ਪਾਉਣ ਵਿਛੋੜੇ ਇਕਨਾ ਨਾਲ ਮਿਲਾਉਂਦੇ ਨੇ

■

**(ਯੂ.ਕੇ.)**

## ਲਾਲ ਸਿੰਘ ਦਿਲ



# ਗ਼ਜ਼ਲ-1

ਸਿਤਾਰੇ ਉਂਝ ਹੀ ਰੌਸ਼ਨ ਨ ਰਾਤਾਂ ਵਿਚ ਹੁੰਦੇ ਨੇ
ਬੜੇ ਹੀ ਜਿਗਰੇ ਲੋਕਾਂ ਦੇ ਜਿਨ੍ਹਾਂ ਵਾਲਾਂ 'ਚ ਗੁੰਦੇ ਨੇ

ਅਸਾਡਾ ਹੌਸਲਾ ਵੀ ਧਿਆਨ ਖਿੱਚੇਗਾ ਬਜ਼ਾਰਾਂ ਦਾ
ਸ਼ਹਿਰ ਤੇਰੇ 'ਚ ਸੁਣਿਆ ਹੈ ਸਿਰਾਂ ਦੇ ਮੁੱਲ ਹੁੰਦੇ ਨੇ

ਪਲਕਾਂ ਢੋਣ ਤੋਂ ਪਹਿਲਾਂ ਹੀ ਆ ਬਹਿੰਦੈ ਨਜ਼ਰ ਅੰਦਰ
ਨਿਹੋਰੇ ਨਾਲ ਸੂਰਜ ਤੋਂ ਬਥੇਰੇ ਨੈਣ ਮੁੰਦੇ ਨੇ

ਜਿਸਦਾ ਨਾਂ ਸੁਣਨ ਤੇ ਕੰਨਾਂ 'ਚ ਪੈ ਜਾਂਦਾ ਰਿਹਾ ਸਿੱਕਾ
ਪਰ ਉਸ ਪ੍ਰਭਾਤ ਦੇ ਕੰਨਾਂ 'ਚ ਤਾਂ ਚਾਨਣ ਦੇ ਬੁੰਦੇ ਨੇ

ਚਲੀ ਜਾਵੇਗੀ ਧਰਤੀ ਤੋਂ ਅਸਾਡੀ ਲਾਸ਼ ਦੀ ਬੂ ਵੀ
ਕਿ ਧੁਲ ਕੇ ਖ਼ੂਨ ਦੇ ਹੀ ਨਾਲ ਜ਼ੱਰੇ ਪਾਕ ਹੁੰਦੇ ਨੇ

■

**(ਪੰਜਾਬ, ਇੰਡੀਆ)**

# ਗ਼ਜ਼ਲ–2

ਜਾਨ ਜਾਂਦੀ ਜਾਵੇ ਦੇਖਣਾ ਨਜ਼ਾਰਾ ਦੋਸਤਾ
ਜੱਦੋ ਜਹਿਦ ਕਿਸੇ ਪੀਂਘ ਦਾ ਹੁਲਾਰਾ ਦੋਸਤਾ

ਉਨ੍ਹਾਂ ਨਾਲ ਪਾਂਧੇ ਪੱਤਰੀ ਦੀ ਗੱਲ ਨਾ ਕਰੋ
ਜਿਨ੍ਹਾਂ ਬਦਲ ਦੇਣਾ ਹੁੰਦਾ ਏ ਸਿਤਾਰਾ ਦੋਸਤਾ

ਸਿਰਫ਼ਿਰਿਆਂ ਦੀ ਗੱਲ ਉੱਤੇ ਕੁਝ ਤਾਂ ਯਕੀਨ
ਕਿਉਂ ਭਰਨਾ ਵੀ ਛੱਡਿਆ ਹੁੰਗਾਰਾ ਦੋਸਤਾ

ਇਸ਼ਕ ਜਿਨ੍ਹਾਂ ਦਾ ਹੈ ਜ਼ਹਿਰ ਦੇ ਪਿਆਲਿਆਂ ਦੇ ਨਾਲ
ਨਹੀਂ ਸਿਦਕ ਤੋਂ ਉਹ ਕਰਦੇ ਕਿਨਾਰਾ ਦੋਸਤਾ

ਮੌਤ ਨੱਸਦੀ ਹੈ ਆਸ਼ਿਕਾਂ ਨੂੰ ਛੇੜ ਛੇੜ ਕੇ
ਜਿਵੇਂ ਮਿਲਦਾ ਏ ਹੱਸ ਕੇ ਪਿਆਰਾ ਦੋਸਤਾ

ਘੁੰਡੀ ਹੋਵੇ ਨਾ ਜੇ ਐ ਦਿਲ ਮਨ 'ਚ ਹੋਰ
ਤਾਂ ਤੇ ਕਾਫ਼ੀ ਹੁੰਦਾ ਹੈ ਇਸ਼ਾਰਾ ਦੋਸਤਾ

■

**(ਪੰਜਾਬ, ਇੰਡੀਆ)**

# ਵਿਜੇ ਵਿਵੇਕ



## ਗ਼ਜ਼ਲ

ਪਤਝੜ ਵਿਚ ਵੀ ਕੁਹੂ ਕੁਹੂ ਕਾ ਰਾਗ ਅਲਾਪ ਰਹੇ ਨੇ
ਮੈਨੂੰ ਪੰਛੀ ਵੀ ਸਾਜ਼ਿਸ਼ ਵਿਚ ਸ਼ਾਮਿਲ ਜਾਪ ਰਹੇ ਨੇ

ਮੈਂ ਜ਼ਿੰਦਾ ਸਾਂ ਮੈਂ ਸਿਵਿਆਂ 'ਚੋਂ ਉੱਠ ਕੇ ਜਾਣਾ ਹੀ ਸੀ
ਮੈਨੂੰ ਕੀ ਜੇ ਮੁਰਦੇ ਬਹਿ ਕੇ ਕਰ ਵਿਰਲਾਪ ਰਹੇ ਨੇ

ਸਾਡੇ ਕੋਲ ਅਕਾਸ਼ ਨਹੀਂ ਸੀ ਜਿਸ 'ਤੇ ਚੜ੍ਹਦੇ ਲਹਿੰਦੇ
ਸਾਡੇ ਸੂਰਜ ਵੀ ਸਾਡੇ ਲਈ ਇਕ ਸੰਤਾਪ ਰਹੇ ਨੇ

ਕੁਝ ਨਸ਼ਤਰ, ਕੁਝ ਅੱਗ ਦੀਆਂ ਲਾਟਾਂ ਤੇ ਕੁਝ ਪਾਗਲ ਮਿਲ ਕੇ
ਇਕ ਸ਼ਾਇਰ ਦੀ ਹਿੱਕ 'ਤੇ ਉਸ ਦੀ ਕਵਿਤਾ ਛਾਪ ਰਹੇ ਨੇ

ਪਰ ਉਤਰਨਾ ਦੂਰ ਉਨ੍ਹਾਂ ਤੋਂ ਡੁੱਬਿਆ ਵੀ ਨਹੀਂ ਜਾਣਾ
ਮਨ ਹੀ ਮਨ ਜੋ ਸਾਗਰ ਦੀ ਗਹਿਰਾਈ ਨਾਪ ਰਹੇ ਨੇ

■

**(ਪੰਜਾਬ, ਇੰਡੀਆ)**

# ਸ਼ਿਵ ਕੁਮਾਰ ਬਟਾਲਵੀ

# ਗ਼ਜ਼ਲ-1



ਤੂੰ ਵਿਦਾ ਹੋਇਉਂ ਮੇਰੇ ਦਿਲ ਤੇ ਉਦਾਸੀ ਛਾ ਗਈ
ਪੀੜ ਦਿਲ ਦੀ ਬੂੰਦ ਬਣ ਕੇ ਅੱਖੀਆਂ ਵਿਚ ਆ ਗਈ

ਦੂਰ ਤਕ ਮੇਰੀ ਨਜ਼ਰ ਤੇਰੀ ਪੈੜ ਚੁੰਮਦੀ ਰਹੀ
ਫੇਰ ਤੇਰੀ ਪੈੜ ਰਾਹਾਂ ਦੀ ਮਿੱਟੀ ਖਾ ਗਈ

ਤੁਰਨ ਤੋਂ ਪਹਿਲਾਂ ਸੀ ਤੇਰੇ ਜੋਬਨ ਤੇ ਬਹਾਰ
ਤੁਰਨ ਪਿੱਛੋਂ ਵੇਖਿਆ ਕਿ ਹਰ ਕਲੀ ਕੁਮਲਾ ਗਈ

ਉਸ ਦਿਨ ਪਿੱਛੋਂ ਅਸਾਂ ਨਾ ਬੋਲਿਆ ਨਾ ਵੇਖਿਆ
ਇਹ ਜ਼ਬਾਂ ਖਾਮੋਸ਼ ਹੋ ਗਈ ਤੇ ਨਜ਼ਰ ਪਥਰਾ ਗਈ

ਇਸ਼ਕ ਨੂੰ ਸੌਗਾਤ ਜਿਹੜੀ ਪੀੜ ਸੈਂ ਤੂੰ ਦੇ ਗਿਉਂ
ਅੰਤ ਉਹੀਉ ਪੀੜ 'ਸ਼ਿਵ' ਨੂੰ ਖਾਂਦੀ ਖਾਂਦੀ ਖਾ ਗਈ

■

**(ਪੰਜਾਬ, ਇੰਡੀਆ)**

# ਗ਼ਜ਼ਲ-2

ਰੋਗ ਬਣ ਕੇ ਰਹਿ ਗਿਆ ਹੈ ਪਿਆਰ ਤੇਰੇ ਸ਼ਹਿਰ ਦਾ
ਮੈਂ ਮਸੀਹਾ ਵੇਖਿਆ ਬਿਮਾਰ ਤੇਰੇ ਸ਼ਹਿਰ ਦਾ

ਇਹਦੀਆਂ ਗਲੀਆਂ ਮੇਰੀ ਚੜ੍ਹਦੀ ਜਵਾਨੀ ਖਾ ਲਈ
ਕਿਉਂ ਕਰਾਂ ਨਾ ਦੋਸਤਾ ਸਤਿਕਾਰ ਤੇਰੇ ਸ਼ਹਿਰ ਦਾ

ਸ਼ਹਿਰ ਤੇਰੇ ਕਦਰ ਨਹੀਂ ਲੋਕਾਂ ਨੂੰ ਸੁੱਚੇ ਪਿਆਰ ਦੀ
ਰਾਤ ਨੂੰ ਖੁੱਲ੍ਹਦਾ ਹੈ ਹਰ ਬਾਜ਼ਾਰ ਤੇਰੇ ਸ਼ਹਿਰ ਦਾ

ਫੇਰ ਮੰਜ਼ਿਲ ਵਾਸਤੇ ਇਕ ਪੈਰ ਨਾ ਪੁੱਟਿਆ ਗਿਆ
ਇਸ ਤਰ੍ਹਾਂ ਕੁਝ ਚੁਭਿਆ ਕੋਈ ਖਾਰ ਤੇਰੇ ਸ਼ਹਿਰ ਦਾ

ਜਿੱਥੇ ਮੋਇਆਂ ਬਾਅਦ ਵੀ ਕਫ਼ਨ ਨਹੀਂ ਹੋਇਆ ਨਸੀਬ
ਕੌਣ ਪਾਗ਼ਲ ਹੁਣ ਕਰੇ ਇਤਬਾਰ ਤੇਰੇ ਸ਼ਹਿਰ ਦਾ

ਏਥੇ ਮੇਰੀ ਲਾਸ਼ ਤੱਕ ਨੀਲਾਮ ਕਰ ਦਿੱਤੀ ਗਈ
ਲੱਥਿਆ ਕਰਜ਼ਾ ਨਾ ਫਿਰ ਵੀ ਯਾਰ ਤੇਰੇ ਸ਼ਹਿਰ ਦਾ

■

**(ਪੰਜਾਬ, ਇੰਡੀਆ)**

# Writers Of The Book:

1. Onkarpreet, Canada / onkarpreet@hotmail.com
2. Afzal Saahir, Pakistan / saahir103@yahoo.com
3. Artinder Sandhu, India / sandhuartinder89@gmail.com
4. Adesh Ankush, India / adeshankush@yahoo.com
5. Amarjit Tanda, Dr., India / drtanda193@gmail.com
6. Irshad Sandhu, Pakistan / irshadsandhu05@gmail.com
7. Sukhwinder Amrit, India / sukhwinderamrit@gmail.com
8. Shinderbir, Dr., U.S.A. / bir_poet@yahoo.co.in
9. Simrat Sumera, India / simratsumera@gmail.com
10. Sushil Dosanjh, India / susheeldosanjh@gmail.com
11. Surinderpreet Ghania, India / surinderpreet@gmail.com
12. Surinder Geet, Canada / sgeetgill@gmail.com
13. Sulakhan Sarhadi, India / sulakhansarhadi@yahoo.com
14. Sukhpal Sanghera, Dr., U.S.A. / dr.sukhpal.sanghera@gmail.com
15. Kamaljit Kanwar, India / kamaljitkanwar@gmail.com
16. Krishan Bhanot, Canada / krishanbhanot@hotmail.com
17. Kavinder Chaand, Canada / kavi.chaand@gmail.com
18. Khitab Khanjuria, Canada / khitabkhanjuria12@gmail.com
19. Gurbhajan Gill, India / gurbhajansinghgill@gmail.com
20. Gurminder Sidhu, Dr., Canada / gurmindersidhu13@gmail.com
21. Gurdial Raushan, India / gurdialraushan@gmail.com
22. Jagtar Saalam, India / jagtar.saalam@reiffmail.com
23. Jagdish Rana, India / jagdishranasofi@gmail.com
24. Trailochan Lochi, India / trailochanlochi68@gmail.com
25. Tarlochan Meer, India / tarlochanmeer1@gmail.com
26. Davinder Kaur, U.K. / within_light@yahoo.co.uk
27. Daljinder Rahel, Italy / dal.rahel@gmail.com
28. Nav Sangeet Singh, India / navsangeetsingh6957@gmail.com
29. Niranjan Boha, India / niranjanboha@yahoo.com
30. Nirmala Garg Nimmo, India / garg.nirmala8966@gmail.com
31. Pal Gurdaspuri, India / mohinderpal1357@gmail.com
32. Parkash Sohal, U.K. / kpsohal@aol.com
33. Mehar Manick, Dr., India / meharmanick1@gmail.com
34. Makhan Kohar, India / makhansinghkohar@gmail.com
35. Madan Madhosh, India / bhamuka.madhosh@gmail.com
36. Ravinder Singh Sodhi, Canada / ravindersodhi51@gmail.com
37. Ram Murti, Dr., India / rammurti21@rediffmail.com
38. Lok Raj, Dr., U.K. / drlokraj@hotmail.com